Posting Date
01 ਜੂਨ 2015

# ਅੰਮ੍ਰਿਤ ਕੀਰਤਨ

ਜੂਨ 2015




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਬਾਰਹਮਾਹ - ਅੱਸੂ

ਅੱਸੂ ਅਸਾਂ ਨੂੰ ਕਰਕੇ ਭੌਰਾ
ਕੀਤਾ ਫੇਰ ਨਿਰਾਸਾ ਕੀ।
ਕੌਲ ਕਰਾਰ ਜੋ ਕੀਤੇ ਹੋਇ,
ਕਹਿਣਾ ਆਸਾਂ ਜਾਸਾਂ ਕੀ।
ਤੱਤਿਆਂ ਨੂੰ ਫਿਰ ਤਾਨਾ ਕੀ,
ਤੇ ਮਾਨੀਆਂ, ਬਣਨਾ ਦਾਸਾ ਕੀ
ਲੈ ਲੈ ਬੰਦਿਆਂ ਨਾਮ ਹਰੀ ਦਾ
ਫਿਰ ਮਗਰੋਂ ਪਛਤਾਸਾਂ ਕੀ।
ਤਰਸਨ ਪਏ ਹੁਣ ਪ੍ਰਾਣ ਅਸਾਡੇ,
ਬਾਕੀ ਰਹਿਣਾ ਸਵਾਸਾਂ ਕੀ।
ਤਾਂਘ ਤੇਰੀ ਫਿਰ ਫਿਰਾਂ ਬਾਵਰੀ
ਹੋਰ ਕਿਤੇ ਵਲ ਜਾਸਾਂ ਕੀ।
ਸਿਕਦੀ ਸਿਕਦੀ ਆਤੁਰ ਹੋਈ,
ਕੀ ਪੀਸਾਂ ਕੀ ਖਾਸਾਂ ਕੀ।
ਸੰਤੋਖ ਸਿੰਘ ਦੱਸੋ ਮਾਹੀ ਬਿਨ,
ਰੂਹਾਂ ਰਹਿਣਾ ਨਾਸ਼ਾਂ ਕੀ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ
ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**
ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :
Rajpreet Singh Khural - 9915545084**

## ਇਸ ਅੰਕ ਵਿਚ

ਸੰਪਾਦਕੀ : ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ 4

ਗੁਰਮਤਿ ਸੰਗੀਤ ਵਿਚ ਰਾਗ ਗੋਂਡ 6
ਡਾ. ਗੁਰਨਾਮ ਸਿੰਘ

ਸੰਗੀਤ ਕਲਾ ਦੀ ਸਿੱਖਿਆ ਵਿਚ ਗੁਰੂ ਦੀ ਭੂਮਿਕਾ 8
ਡਾ. ਹਰਮਿੰਦਰ ਕੌਰ

ਡਾ.ਗੁਰਨਾਮ ਸਿੰਘ ਕ੍ਰਿਤ ਪੰਜਾਬੀ ਭਾਸ਼ਾਈ ਸੰਗੀਤ ਪੁਸਤਕਾਂ : ਵਿਸ਼ਾ-ਵਸਤੂ, ਸਾਰਥਕਤਾ ਅਤੇ ਸੰਭਾਵਨਾਵਾਂ
ਡਾ.ਰਿਸ਼ਪਾਲ ਸਿੰਘ 12

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 22

ਸੁਰ ਲਿਪੀ : ਰਾਗ ਬਿਲਾਵਲ 25
ਜਬਰਜੰਗ ਸਿੰਘ

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26

### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

# ਅੰਮ੍ਰਿਤ ਕੀਰਤਨ ਨੂੰ 26 ਸਾਲ ਪੂਰੇ ਹੋਣ ’ਤੇ

ਅੰਮ੍ਰਿਤ ਕੀਰਤਨ ਦੀ ਪ੍ਰਕਾਸ਼ਨਾ 1989 ਵਿਚ ਜੂਨ ਦੇ ਮਹੀਨੇ ਨੂੰ ਪਹਿਲੇ ਅੰਕ ਨਾਲ ਆਰੰਭ ਕੀਤੀ ਗਈ ਸੀ। ਉਸ ਵੇਲੇ ਗੁਰਮਤਿ ਦੇ ਪ੍ਰਸਿੱਧ ਵਿਦਵਾਨਾਂ ਨੇ ਇਸ ਕਾਰਜ ਦੀ ਸ਼ਲਾਘਾ ਕੀਤੀ ਸੀ ਅਤੇ ਇਸ ਨੂੰ ਪੂਰਨ ਸਹਿਯੋਗ ਦਿੱਤਾ ਸੀ। ਸਾਡੇ ਬਹੁਤ ਸਾਰੇ ਸਰਪ੍ਰਸਤਾਂ ਨੇ ਇਸ ਵਿਚ ਮਾਇਕ ਸਹਾਇਤਾ ਦੇਣ ਦੇ ਨਾਲ ਨਾਲ ਸਾਨੂੰ ਵਿਅਕਤੀਗਤ ਤੌਰ ’ਤੇ ਵੀ ਬਹੁਤ ਉਤਸ਼ਾਹਤ ਕੀਤਾ ਸੀ। ਅੰਮ੍ਰਿਤ ਕੀਰਤਨ ਸਦਕਾ ਸਾਨੂੰ ਵਿਅਕਤੀਗਤ ਤੌਰ ’ਤੇ ਇਤਨੇ ਮਾਨ-ਸਨਮਾਨ ਪ੍ਰਾਪਤ ਹੋਏ ਕਿ ਸਾਡੀ ਝੋਲੀ ਲਬਾਲਬ ਭਰੀ ਹੋਈ ਹੈ ਅਤੇ ਕਈ ਵਾਰ ਮਹਿਸੂਸ ਹੁੰਦਾ ਹੈ ਕਿ ਜਿਵੇਂ ਸਾਡੀਆਂ ‘ਕੱਚੀਆਂ ਪੱਕਿਆਂ ਦੇ ਭਾਅ’ ਵਿਕੀਆਂ ਹੋਣ। ਜਿਹਨਾਂ ਮਨੋਰਥਾਂ ਨੂੰ ਲੈ ਕੇ ‘ਅੰਮ੍ਰਿਤ ਕੀਰਤਨ’ ਆਰੰਭ ਕੀਤਾ ਸੀ, ਉਹਨਾਂ ਦਾ ਬੀਜ ਰੂਪ ਵਿਚ ਵਰਣਨ ਅਸੀਂ ਸਮੇਂ ਸਮੇਂ ਕਰਦੇ ਰਹੇ ਹਾਂ। ਸਾਡੇ ਤੋਂ ਵੱਧ ਸਮਰਥਾਵਾਨ ਵਿਅਕਤੀਆਂ ਅਤੇ ਸੰਸਥਾਵਾਂ ਨੇ ਇਸ ਬੀਜ ਨੂੰ ਪੂਰੀ ਤਰ੍ਹਾਂ ਪ੍ਰਫੁੱਲਤ ਕੀਤਾ ਅਤੇ ਗੁਰਮਤਿ ਸੰਗੀਤ ਨਾਲ ਸੰਬੰਧਤ ਮਹਾਨ ਕਾਰਜ ਕਰਦਿਆਂ ਮਹਾਨ ਸੰਸਥਾਵਾਂ ਸਥਾਪਤ ਕੀਤੀਆਂ। ਸਾਨੂੰ ਜਾਪਦਾ ਹੈ ਕਿ ਇਹ ਮਨੋਰਥ ਜਿੰਨਾ ਕੁ ਅਸੀਂ ਸੋਚਿਆ ਸੀ, ਉਹ ਪੂਰੇ ਹੋ ਚੁੱਕੇ ਹਨ। ਮੈਂ ਨਿੱਜੀ ਤੌਰ ’ਤੇ ਦੱਸਣਾ ਚਾਹੁੰਦਾ ਹਾਂ ਕਿ ਗੁਰਮਤਿ ਸੰਗੀਤ ਨਾਲ ਸੰਬੰਧਤ ਜਦੋਂ ਮੈਂ ਡਾਕਟਰੇਟ ਕੀਤੀ ਤਾਂ ਮੇਰੇ ਥੀਸਿਸ ਦਾ ਸਿਰਲੇਖ ਸੀ ‘ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ’। ਇਹ ਕਾਰਜ ਉਸ ਵੇਲੇ ਆਪਣੇ ਆਪ ਵਿਚ ਨਿਵੇਕਲਾ ਸੀ। ਇਸ ਤੋਂ ਪਹਿਲਾਂ ਡਾ. ਅਜੀਤ ਸਿੰਘ ਪੈਂਤਲ ਨੇ ਦਿੱਲੀ ਯੂਨੀਵਰਸਿਟੀ ਵਿਚ ਸਿੱਖ ਸੰਗੀਤ ਨਾਲ ਸੰਬੰਧਤ ਪੀਐੱਚ.ਡੀ. ਕੀਤੀ ਸੀ, ਪਰ ਉਹਨਾਂ ਨੇ ਆਪਣੇ ਥੀਸਿਸ ਵਿਚ ਭਾਰਤੀ ਸੰਗੀਤ ਦੇ ਤੱਤਾਂ ਦੀ ਹੀ ਪਛਾਣ ਕੀਤੀ ਸੀ। ਅਸੀਂ ਆਪਣੇ ਥੀਸਿਸ ਵਿਚ ਗੁਰਮਤਿ ਸੰਗੀਤ ਸੰਬੰਧੀ ਜੋ ਅਦੁੱਤੀ ਤੱਤ ਹਨ, ਉਹਨਾਂ ਨੂੰ ਉਜਾਗਰ ਕੀਤੀ ਸੀ। ਸਾਡਾ ਮਨੋਰਥ ਅਜੇ ਵੀ ਇਹੀ ਸੀ ਕਿ ਅਸੀਂ ਗੁਰਮਤਿ ਸੰਗੀਤ ਦੀ ਜੋ ਵਿਅਕਤੀਗਤ ਨਿਵੇਕਲੀ ਪਛਾਣ ਹੈ, ਉਸ ਬਾਰੇ ਕਾਰਜ ਕਰਦੇ। ਪਰ ਗੁਰਮਤਿ ਸੰਗੀਤ ਨਾਲ ਸੰਬੰਧਤ ਹੁਣ ਦੇ ਵਿਦਵਾਨ ਵੀ ਭਾਰਤੀ ਸੰਗੀਤ ਦੇ ਪਰਿਪੇਖ ਵਿਚ ਹੀ ਗੱਲਬਾਤ ਕਰਦੇ ਹਨ ਅਤੇ ਕਈ ਵਾਰ ਇੰਞ ਜਾਪਦਾ ਹੈ ਜਿਵੇਂ ਫੁੱਟਬਾਲ ਦੇ ਖਿਡਾਰੀ, ਵਾਲੀਬਾਲ ਦੇ ਖਿਡਾਰੀਆਂ ਨਾਲ ਤੁਲਨਾ ਕਰੀ ਜਾ ਰਹੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਪਿੱਛੇ ਜਿਹੇ ਗੁਰਮਤਿ ਸੰਗੀਤ ਨਾਲ ਸੰਬੰਧਤ ਜੋ ਵੀ ਪੁਸਤਕਾਂ ਅਤੇ ਥੀਸਿਸ ਲਿਖੇ ਗਏ ਹਨ, ਉਹਨਾਂ ਵਿਚ ‘ਅੰਮ੍ਰਿਤ ਕੀਰਤਨ’ ਅਤੇ ਮੇਰੀਆਂ ਪੁਸਤਕਾਂ ਦਾ ਜ਼ਿਕਰ ਘੱਟ ਹੀ ਹੋਇਆ ਹੈ। ਇਸ ਤੋਂ ਜਾਪਦਾ ਹੈ ਕਿ ਜੋ ਕੁਝ ਹੁਣ ਗੁਰਮਤਿ ਸੰਗੀਤ ਦੇ ਪੱਧਰ ’ਤੇ ਵਾਪਰ ਰਿਹਾ ਹੈ, ਉਸ ਵਿਚ ਅੰਮ੍ਰਿਤ ਕੀਰਤਨ ਦੀ ਵਿਚਾਰਧਾਰਾ ਦਾ ਬਹੁਤਾ ਰੋਲ ਅਦਾ ਨਹੀਂ ਕਰ ਪਾ ਰਹੀ। ਇਸ ਕਰਕੇ ਹੋ ਸਕਦਾ ਹੈ ਅਸੀਂ ਛੇਤੀ ਹੀ ਅੰਮ੍ਰਿਤ ਕੀਰਤਨ ਬੰਦ ਕਰ ਦਈਏ। ਇਸ ਵਿਚ ਸਾਡੀ ਆਪਣੀ ਖੇਚਲ ਅਤੇ ਖਰਚੇ ਦੀ ਸੀਮਾ ਵੀ ਹੋ ਸਕਦੀ ਹੈ।

ਭੁੱਲ ਚੁੱਕ ਖਿਮਾਂ

# ਗੁਰਮਤਿ ਸੰਗੀਤ ਵਿਚ ਰਾਗ ਨਟ ਨਾਰਾਇਣ ਤੇ ਨਟ

## ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਮੁੱਖ ਰਾਗਾਂ ਦੀ ਤਰਤੀਬ ਅਧੀਨ ਨਟ ਰਾਗ ਨਾਰਾਇਣ ਨੂੰ ਉਨੀਵੇਂ ਸਥਾਨ 'ਤੇ ਰੱਖਿਆ ਗਿਆ ਹੈ। ਰਾਗ ਨਟ-ਨਾਰਾਇਣ ਭਾਰਤੀ ਸੰਗੀਤ ਦਾ ਪੁਰਾਤਨ ਤੇ ਅਪ੍ਰਚਲਿਤ ਰਾਗ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥ ਸੰਗੀਤ ਦਰਪਣ ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਹੁੰਦਾ ਹੈ। ਭਾਰਤੀ ਸੰਗੀਤ ਵਿਚ ਮੱਧ ਕਾਲ ਵਿਚ ਪ੍ਰਚਲਿਤ ਰਾਗ-ਰਾਗਣੀ ਵਰਗੀਕਰਨ ਪੱਧਤੀ ਵਿਚ ਇਸ ਰਾਗ ਨੂੰ ਮੁੱਖ ਛੇ ਰਾਗਾਂ ਵਿਚ ਰੱਖਿਆ ਗਿਆ ਹੈ। ਰਾਗਾਰਾਣਵ ਮੱਤ ਵਿਚ ਇਸ ਨੂੰ ਨਟ ਰਾਗ ਦੀ ਰਾਗਣੀ ਮੰਨਿਆ ਗਿਆ ਹੈ ਅਤੇ ਭਰਤ ਮੱਤ ਵਿਚ ਇਸ ਰਾਗ ਨੂੰ ਦੀਪਕ ਰਾਗ ਦਾ ਪੁੱਤਰ ਮੰਨਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਮਾਲਾ ਦੇ ਅੰਤਰਗਤ ਨਟ-ਨਾਰਾਇਣ ਰਾਗ ਨੂੰ ਮੇਘ ਰਾਗ ਦਾ ਪੁੱਤਰ ਕਿਹਾ ਗਿਆ ਹੈ।

ਰਾਗ ਨਟ ਨਾਰਾਇਣ ਦੇ ਅੰਤਰਗਤ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਰਾਗ ਨਟ ਵੀ ਅੰਕਿਤ ਕੀਤਾ ਗਿਆ ਹੈ। ਇਸ ਰਾਗ ਦੇ ਸੰਯੋਗ ਤੋਂ ਭਾਰਤੀ ਸੰਗੀਤ ਵਿਚ ਕਈ ਰਾਗ ਪ੍ਰਕਾਰ ਹੋਂਦ ਵਿਚ ਆਏ ਜਿਵੇਂ ਨਟ ਕੇਦਾਰ, ਨਟ ਸਾਰੰਗ, ਨਟ ਮਲਾਰ, ਨਟ ਭੈਰਵ ਆਦਿ। ਨਟ ਦੇ ਇਹ ਪ੍ਰਕਾਰ ਮੱਧਕਾਲ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਪ੍ਰਚਲਿਤ ਹਨ ਜੋ ਕਿ ਨਟ ਦੇ ਪ੍ਰਕਾਰ ਹੁੰਦੇ ਹੋਏ ਵੀ ਵੱਖੋ-ਵੱਖਰੇ ਨਿਵੇਕਲੇ ਸਰੂਪ ਦੇ ਧਾਰਨੀ ਹਨ ਪਰੰਤੂ ਬਾਣੀ ਅੰਤਰਗਤ ਇਹਨਾਂ ਦਾ ਪ੍ਰਯੋਗ ਨਹੀਂ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥ ਸੰਗੀਤ ਦਰਪਣ ਵਿਚ ਇਸ ਰਾਗ ਦਾ ਉਲੇਖ ਮਿਲਦਾ ਹੈ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਰਾਗ ਨਟ ਇਕ ਪ੍ਰਚਲਿਤ ਰਾਗ ਹੈ। ਭਾਰਤੀ ਸੰਗੀਤ ਦੇ ਵਿਭਿੰਨ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਮਿਲਦਾ ਹੈ। ਰਾਗ ਕੋਸ਼ ਅਤੇ ਰਾਗ ਵਿਆਕਰਣ ਇਸ ਰਾਗ ਦਾ ਸਰੂਪ ਅੰਕਿਤ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਰਾਗ ਨਟ ਨਾਰਾਇਣ ਨੂੰ ਉਨੀਵੇਂ ਸਥਾਨ ਤੇ ਰੱਖਿਆ ਗਿਆ ਹੈ ਜਿਸ ਦਾ ਆਰੰਭ ਪੰਨਾ ੯੭੫ ਤੋਂ ਹੁੰਦਾ ਹੈ। ਇਸ ਰਾਗ ਦੇ ਅੰਤਰਗਤ ਗੁਰੂ ਰਾਮਦਾਸ ਜੀ ਦੇ ਇਕ ਪਦਾ ਤੇ ਪੜਤਾਲ; ਗੁਰੂ ਅਰਜਨ ਦੇਵ ਜੀ ਦੇ ਦੋ ਪਦੇ ਦਰਜ ਹਨ। ਜਦੋਂਕਿ ਨਟ ਰਾਗ ਦੇ ਅੰਤਰਗਤ ਗੁਰੂ ਰਾਮਦਾਸ ਜੀ ਦੇ ਪੰਜ ਪਦੇ, ਛੇ ਅਸ਼ਟਪਦੀਆਂ ਤੇ ਦੋ ਪੜਤਾਲਾਂ ਅਤੇ ਗੁਰੂ ਅਰਜਨ ਦੇਵ ਜੀ ਦੇ ਸਤ ਪਦੇ ਤੇ ਇਕ ਪੜਤਾਲ ਦਰਜ ਹੈ।

ਰਾਗ ਨਟ-ਨਾਰਾਇਣ ਦੇ ਖਮਾਜ ਥਾਟ ਸਰੂਪ ਸਬੰਧੀ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਆਚਾਰੀਆਂ ਦੇ ਵੱਖ-ਵੱਖ ਮੱਤ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਰਾਗ ਬਿਲਾਵਲ ਅਤੇ ਕਲਿਆਣ ਰਾਗ ਦੇ ਮਿਸ਼ਰਣ ਤੋਂ ਬਣਿਆ ਹੈ। ਇਸ ਦਾ ਥਾਟ ਖਮਾਜ ਹੈ ਅਤੇ ਇਸ ਵਿਚ ਵਾਦੀ ਰਿਸ਼ਭ, ਨਿਸ਼ਾਦ ਕੋਮਲ ਅਤੇ

ਬਾਕੀ ਸੁਰ ਸ਼ੁੱਧ ਹੁੰਦੇ ਹਨ। ਇਸ ਦਾ ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਦਾ ਆਰੋਹ ਸ਼ੜਜ ਰਿਸ਼ਭ ਮਧਿਅਮ ਪੰਚਮ ਧੈਵਤ ਸ਼ੜਜ(ਤਾਰ ਸਪਤਕ) ਅਤੇ ਅਵਰੋਹ ਸ਼ੜਜ(ਤਾਰ ਸਪਤਕ) ਨੀ(ਕੋਮਲ) ਧੈਵਤ ਪੰਚਮ ਮਧਿਅਮ ਰਿਸ਼ਭ ਸ਼ੜਜ ਮੰਨਿਆ ਜਾਂਦਾ ਹੈ। ਮਹਾਨ ਵਿਦਵਾਨ ਪੰਡਤ ਅਹੋਬਲ ਨੇ ਇਸ ਰਾਗ ਦੇ ਅਵਰੋਹ ਵਿਚ ਗੰਧਾਰ ਸੁਰ ਵਰਜਿਤ ਕਰਕੇ ਇਸ ਨੂੰ ਸੰਪੂਰਨ ਸ਼ਾੜਵ ਜਾਤੀ ਦਾ ਰਾਗ ਮੰਨਿਆ ਹੈ।

ਨਟ ਨਾਰਾਇਣ ਰਾਗ ਨੂੰ ਬਿਲਾਵਲ ਥਾਟ ਦੇ ਅੰਤਰਗਤ ਮੰਨਦਿਆਂ ਵੀ ਇਸ ਦੇ ਸਰੂਪ ਅਤੇ ਚਲਨ ਵਿਚ ਵਿਦਵਾਨਾਂ ਨੇ ਭੇਦ ਮੰਨਿਆ ਹੈ। ਕੁਝ ਵਿਦਵਾਨ ਇਸ ਨੂੰ ਸ਼ਾੜਵ-ਵਕਰ ਸੰਪੂਰਨ ਜਾਤੀ ਦਾ ਰਾਗ ਅਤੇ ਕੁਝ ਸੰਪੂਰਨ ਔੜਵ ਜਾਤੀ ਦਾ ਰਾਗ ਮੰਨਦੇ ਹਨ। ਇਸੇ ਪ੍ਰਕਾਰ ਕੁਝ ਵਿਦਵਾਨਾਂ ਨੇ ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਅਤੇ ਕੁਝ ਨੇ ਵਾਦੀ ਪੰਚਮ ਅਤੇ ਸੰਵਾਦੀ ਸੁਰ ਰਿਸ਼ਭ ਮੰਨਿਆ ਹੈ।

ਗੁਰਮਤਿ ਸੰਗੀਤ ਪਰੰਪਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦਾ ਸਰੂਪ ਨਿਰਧਾਰਿਤ ਕਰਨ ਵਾਲੀ ਰਾਗ ਨਿਰਣਾਇਕ ਕਮੇਟੀ ਨੇ ਨਿਮਨਲਿਖਤ ਸਰੂਪ ਨੂੰ ਸਵੀਕਾਰਿਆ ਹੈ, ਇਸ ਵਿਚ ਵਾਦੀ ਪੰਚਮ, ਸੰਵਾਦੀ ਰਿਸ਼ਭ ਨੂੰ ਮੰਨਿਆ ਹੈ। ਇਸ ਰਾਗ ਨੂੰ ਬਿਲਾਵਲ ਥਾਟ ਦੇ ਅੰਤਰਗਤ ਹੀ ਰੱਖਿਆ ਗਿਆ ਹੈ। ਨਟ-ਨਾਰਾਇਣ ਰਾਗ ਵਿਚ ਦੋਵੇਂ ਮਧਿਅਮ ਅਤੇ ਧੈਵਤ ਤੇ ਗੰਧਾਰ ਦਾ ਅਵਰੋਹ ਵਿਚ ਅਲਪ ਪ੍ਰਯੋਗ ਕੀਤਾ ਜਾਂਦਾ ਹੈ। ਇਸ ਦੀ ਜਾਤੀ ਸੰਪੂਰਨ-ਸ਼ਾੜਵ ਮੰਨੀ ਗਈ ਹੈ। ਇਸ ਦੇ ਅਵਰੋਹ ਵਿਚ ਨਿਸ਼ਾਦ ਸੁਰ ਵਰਜਿਤ ਕੀਤਾ ਗਿਆ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਆਰੋਹ ਸ਼ੜਜ ਮਧਿਅਮ ਗੰਧਾਰ ਮਧਿਅਮ ਰਿਸ਼ਭ, ਮਧਿਅਮ(ਤੀਵਰ) ਪੰਚਮ ਧੈਵਤ ਨਿਸ਼ਾਦ ਸ਼ੜਜ(ਤਾਰ ਸਪਤਕ) ਅਤੇ ਅਵਰੋਹ ਸ਼ੜਜ(ਤਾਰ ਸਪਤਕ) ਧੈਵਤ ਪੰਚਮ ਮਧਿਅਮ(ਤੀਵਰ) ਧੈਵਤ ਪੰਚਮ, ਗੰਧਾਰ ਮਧਿਅਮ ਰਿਸ਼ਭ ਸ਼ੜਜ ਮੰਨਿਆ ਹੈ।

ਰਾਗ ਨਟ ਨਾਰਾਇਣ ਦੇ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਪ੍ਰਬੰਧ ਵਿਚ **ਨਟ ਰਾਗ** ਇਕ ਪ੍ਰਕਾਰ ਵਜੋਂ ਅੰਕਿਤ ਹੈ। ਇਹ ਭਾਰਤੀ ਸੰਗੀਤ ਦਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਸੰਗੀਤਕਾਰ ਇਸ ਰਾਗ ਨੂੰ ਰਾਗਾਂਗ ਰਾਗ ਮੰਨਦੇ ਹਨ ਕਿਉਂਕਿ ਇਸ ਰਾਗ ਦੇ ਸੁਮੇਲ ਤੋਂ ਕਈ ਹੋਰ ਰਾਗ ਪ੍ਰਕਾਰ ਹੋਂਦ ਵਿਚ ਆਏ ਜਿਵੇਂ ਕਿ ਨਟ ਬਿਲਾਵਲ, ਛਾਇਆ ਨਟ, ਹਮੀਰ ਨਟ, ਕੇਦਾਰ ਨਟ ਆਦਿ।

ਆਧੁਨਿਕ ਰਾਗ ਥਾਟ ਵਰਗੀਕਰਣ ਪੱਧਤੀ ਅਨੁਸਾਰ ਵਿਦਵਾਨਾਂ ਨੇ ਰਾਗ ਨਟ ਦੀ ਰਚਨਾ ਬਿਲਾਵਲ ਥਾਟ ਦੇ ਅੰਤਰਗਤ ਮੰਨੀ ਹੈ। ਇਸ ਰਾਗ ਦੇ ਕਈ ਸਰੂਪ ਪ੍ਰਚਾਰ ਵਿਚ ਹਨ ਜੋ ਨਿਮਨਲਿਖਤ ਹਨ:

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਰਾਗ ਨਟ ਬਿਲਾਵਲ ਥਾਟ ਦਾ ਸੰਪੂਰਨ ਜਾਤੀ ਦਾ ਸ਼ਾੜਵ ਰਾਗ ਹੈ। ਇਸ ਦਾ ਵਾਦੀ ਮਧਿਅਮ ਅਤੇ ਰਿਸ਼ਭ ਸੰਵਾਦੀ ਹੈ। ਇਸ ਵਿਚ ਗੰਧਾਰ ਅਤੇ ਧੈਵਤ ਕੋਮਲ ਲਗਦੇ ਹਨ, ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ।

ਰਾਗ ਨਟ ਦੇ ਇਕ ਪ੍ਰਕਾਰ ਨੂੰ ਕਾਫ਼ੀ ਥਾਟ ਦੇ ਅੰਤਰਗਤ ਮੰਨਦਿਆਂ ਹੋਇਆਂ ਇਸ ਦੀ ਜਾਤੀ ਸੰਪੂਰਨ-ਔੜਵ ਮੰਨੀ ਹੈ। ਇਸ ਰਾਗ ਦੇ ਅਵਰੋਹ ਵਿਚ ਗੰਧਾਰ ਅਤੇ ਧੈਵਤ ਵਰਜਿਤ ਕੀਤੇ ਜਾਂਦੇ ਹਨ। ਇਸ ਵਿਚ ਗੰਧਾਰ ਕੋਮਲ, ਅਤੇ ਦੋਵੇਂ ਨਿਸ਼ਾਦ ਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਇਸ ਦਾ ਗਾਇਨ ਸਮਾਂ ਰਾਤ ਦਾ ਦੂਸਰਾ ਪਹਿਰ ਹੈ।

ਦੱਖਣੀ ਭਾਰਤੀ ਸੰਗੀਤ ਪੱਧਤੀ ਵਿਚ ਰਾਗ ਨਟ ਵਿਚ ਗ੍ਰਹਿ, ਅੰਸ਼; ਨਿਆਸ ਸ਼ੜਜ ਹੈ। ਇਹ ਸੰਪੂਰਨ ਹੋ ਕੇ ਅੰਤਿਮ ਪਹਿਰ ਰਾਤ ਨੂੰ ਗਾਇਆ ਜਾਂਦਾ ਹੈ। ਇਸ ਮੱਤ ਅਨੁਸਾਰ ਇਹ ਰਾਗ ਬਿਲਾਵਲ ਥਾਟ ਤੋਂ ਉਤਪੰਨ

ਹੈ। ਇਸ ਦੇ ਅਵਰੋਹ ਵਿਚ ਧੈਵਤ ਅਤੇ ਗੰਧਾਰ ਸੁਰ ਵਰਜਿਤ ਕੀਤੇ ਜਾਂਦੇ ਹਨ। ਇਸ ਦੀ ਜਾਤੀ ਸੰਪੂਰਨ-ਔੜਵ ਮੰਨੀ ਗਈ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ।

ਰਾਗ ਨਿਰਣਾਇਕ ਕਮੇਟੀ ਦੁਆਰਾ ਗੁਰਮਤਿ ਸੰਗੀਤ ਵਿਚ ਰਾਗ ਨਟ ਨੂੰ ਬਿਲਾਵਲ ਥਾਟ ਦੇ ਅੰਤਰਗਤ ਰਖਿਆ ਗਿਆ ਹੈ। ਇਸ ਵਿਚ ਸਾਰੇ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ ਤੇ ਵਰਜਿਤ ਸੁਰ ਕੋਈ ਨਹੀਂ ਮੰਨਿਆ ਜਾਂਦਾ। ਇਸ ਲਈ ਇਸ ਦੀ ਜਾਤੀ ਸੰਪੂਰਨ-ਵਕਰ ਸੰਪੂਰਨ ਮੰਨੀ ਜਾਂਦੀ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਹੈ। ਇਸ ਰਾਗ ਨੂੰ ਰਾਤ ਦੇ ਦੂਜੇ ਪਹਿਰ ਗਾਇਆ ਵਜਾਇਆ ਜਾਂਦਾ ਹੈ। ਇਸ ਦਾ ਆਰੋਹ ਸ਼ੜਜ ਗੰਧਾਰ ਮਧਿਅਮ, ਪੰਚਮ ਗੰਧਾਰ ਮਧਿਅਮ, ਰਿਸ਼ਭ ਗੰਧਾਰ ਮਧਿਅਮ ਧੈਵਤ, ਧੈਵਤ ਨਿਸ਼ਾਦ ਸ਼ੜਜ(ਤਾਰ ਸਪਤਕ) ਅਤੇ ਅਵਰੋਹ ਸ਼ੜਜ(ਤਾਰ ਸਪਤਕ) ਧੈਵਤ ਨਿਸ਼ਾਦ ਪੰਚਮ, ਮਧਿਅਮ ਗੰਧਾਰ, ਸ਼ੜਜ ਰਿਸ਼ਭ ਸ਼ੜਜ ਪ੍ਰਵਾਨਿਤ ਕੀਤਾ ਗਿਆ ਹੈ।

ਵੀਹਵੀਂ ਸਦੀ ਦੀਆਂ ਸਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਾਚੀਏ ਤਾਂ ਇਹਨਾਂ ਰਾਗਾਂ ਵਿਚ ਸ. ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਜਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਉਸਤਾਦ ਸੁਰਜੀਤ ਸਿੰਘ, ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਸ. ਹਰਮਿੰਦਰ ਸਿੰਘ ਆਦਿ ਨੇ ਸੰਗੀਤਕਾਰਾਂ ਨੇ ਕੀਰਤਨ ਰਚਨਾਵਾਂ ਨੂੰ ਸੁਰਲਿਪੀ-ਬੱਧ ਕੀਤਾ।

ਉਕਤ ਰਾਗਾਂ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰ ਤੇ ਕੀਰਤਨਕਾਰਾਂ ਨੇ ਆਪਣੇ-ਆਪਣੇ ਅੰਦਾਜ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਅਤੇ www.jawadditaksal.org ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# SANGAT SINGH SYALEE

## 1920 - 2015

Dr Sangat Singh Syalee was a scholar of Gurmat, particularly of the aspects which applied to mind and spirit at the universal level.

Being a trained psychiatrist, he felt that there was a serious gap in the current knowledge in the fields of Psychiatry and Psychology. The study of Gurmat through the Guru Granth Sahib was critical to him to gain that knowledge.

He firmly believed that without gurmat, civil society is lost in inner darkness. He often quoted the verse, "If a hundred moons were to rise and thousands of suns were ablaze, without the guidance from True Guru it will be dismal darkness." [GGS:463]

Born in the village of Thoa Khalsa in Punjab to Sardar Gurmukh Singh and Bhagwanti Devi in 1920, Sangat was educated in Sikhi through his mother and grandmother as he lost his father at the early age of seven.

He continued his interest in Sikhi during his undergraduate studies and thereafter at the Amritsar Medical School. There, he was influenced by Bhai Vir Singh's exegeses and writings. His college mates often remembered him from his reciting Bhai Vir Singh's poems in the Medical School Gurdwara.

In pursuing higher education, Dr. Sangat Singh acquired specialization in Neurological and Psychological Medicine, which he completed in the United Kingdom. He served in the armed forces in India for 32 years to retire as a Brigadier General.

I remember meeting him in New York shortly after I moved to Rhode Island in 1967 to serve as Professor of Pharmacology and Toxicology. What I recall vividly is that one could not miss running into him there as he was so visibly active in the gurdwara and in Sikh youth education. Since then I have been visiting him regularly and have spent time with him, always learning from him about Gurmat and its

applicability in our daily life.

I found him a very committed and serious student of Sikhi.

Before moving to New York, Dr. Sangat Singh had served as Senior Vice-President of The Guru Nanak Foundation, and as President of The Gurmat Prachar Sabha, both based in New Delhi.

In New York, USA, he was Fellow of The Multi-Faith Organization of Long Island (New York), President of The Interfaith Council of Southwest Queens in New York, and Trustee and Founding member of a number of religious institutions where he actively contributed in seminars, interfaith dialogues, discussions and discourses.

He presented papers four times at the Parliament of the World Religions. At my invitation, he also presented a paper on Guru Nanak's leadership to the interfaith movement at an International Conference held in Lahore, Punjab, Pakistan.

To his credit, he had many papers published in a number of prestigious journals, including 'The Sikh Review', on subjects ranging from world conflicts to egoism, Miri-Piri and the role of science in religion.

He co-authored the book, "Gems of Gurbani."

Till the last day of his life, Dr. Sangat Singh was engaged in simran and kirtan, either alone or along with his daughters, family and friends.

He leavers behind four daughters: Brahmleen Kaur, Ravitej Kaur, Jyotesh Kaur and Jogesh Kaur. He had lost his life partner, Uttamjeet Kaur, several years earlier in year 2000.

I join Dr. Sangat Singh Syalee's family and friends from all over the world in celebrating his extraordinary life. I know he will be sorely missed.


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ਗੁਰ-ਰੰਗ ਰੱਤੀ ਰੂਹ : ਪ੍ਰੋ. ਪਰਮਜੋਤ ਸਿੰਘ

## (1947-2014 ਬਰਸੀ 'ਤੇ ਵਿਸ਼ੇਸ਼)

### ਕੁਲਵਿੰਦਰ ਸਿੰਘ

ਪਿਛਲੇ ਤਕਰੀਬਨ ਇੱਕ ਦਹਾਕੇ ਦੌਰਾਨ ਸਿੱਖ ਪੰਥ ਵਿਚ ਗੁਰੂ ਘਰ ਦੇ ਮਹਾਨ ਕੀਰਤਨੀਏ ਉਮਰ-ਭਰ 'ਨਾਦੋਪਾਸਨਾ' ਅਤੇ 'ਸ਼ਬਦ' ਦੀ ਕਮਾਈ ਕਰਦੇ ਹੋਏ ਸੰਗਤਾਂ ਨੂੰ ਗੁਰੂ ਕੀਆਂ ਸਾਖੀਆਂ ਸੁਣਾਉਂਦੇ, ਪਰਮ ਪਿਤਾ ਅਕਾਲ-ਪੁਰਖ ਦੀ ਸਿਫ਼ਤ-ਸਲਾਹ ਕਰਦੇ ਹੋਏ ਸਮੇਂ ਦੀ ਪ੍ਰਚੰਡ ਧਾਰਾ ਨੂੰ ਭੇਦਦੇ ਅਕਾਲੀ ਨਿਰੰਜਨੀ ਜੋਤੀ ਵਿਚ ਸਮਾ ਗਏ। ਜਿਹਨਾਂ ਵਿਚੋਂ ਭਾਈ ਦਿਲਬਾਗ ਸਿੰਘ ( ਬੋਦਲਾਂ ਵਾਲੇ ), ਭਾਈ ਅਵਤਾਰ ਸਿੰਘ ( ਦਿੱਲੀ ਵਾਲੇ ), ਭਾਈ ਅਮਰੀਕ ਸਿੰਘ ਜ਼ਖ਼ਮੀ ( ਜਲੰਧਰ ਵਾਲੇ ) ਜੀ ਦਾ ਨਾਮਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ।ਭਾਈ ਦਿਲਬਾਗ ਸਿੰਘ ਭਾਈ ਮਰਦਾਨਾ ਜਿਸ 'ਤੇ ਅਕਾਲ ਰੂਪ ਬਾਬਾ ਗੁਰੂ ਨਾਨਕ ਦੇਵ ਜੀ ਨੇ ਆਪਣਾ ਗਿਆਨਮਈ ਨਾਦਾਤਮਕ ਸਰੂਪ ( ਬਾਣੀ + ਨਾਦ ) ਨਾਜ਼ਿਲ ਕਰਕੇ, ਸਮੂਹ ਮਾਨਵਤਾ ਦੀਆਂ ਖਿੰਡੀਆਂ ਬਿਰਤੀਆਂ ਨੂੰ ਇਸ ਸੰਯੁਕਤਾਤਮਕ 'ਧਾਰਾ' ਰਾਹੀਂ ਸੰਸਾਰ ਸਾਗਰ ਤੋਂ ਪਾਰ ਉਤਰਨ ਅਤੇ ਪਰਮਾਤਮਾ ਵਿਚ ਵਿਲੀਨ ਹੋਣ ਦਾ ਸੁਮਾਰਗ ਪ੍ਰਪੱਕ ਕੀਤਾ, ਦੀ ਅੰਸ਼-ਵੰਸ਼ ਦੇ ਧਾਰਨੀ ਗੁਰੂ ਕੇ ਰਬਾਬੀ ਕੀਰਤਨੀਆਂ ਦੀ ਪਰੰਪਰਾ ਨੂੰ ਅਗਾਂਹ ਤੋਰ ਰਹੇ ਸਨ ਅਤੇ ਭਾਈ ਅਵਤਾਰ ਸਿੰਘ ਉਸ ਰਾਗੀ ਪਰੰਪਰਾ ਵਿਚੋਂ ਸਨ, ਜਿਹਨਾਂ ਨੂੰ ਪੰਜਵੇਂ ਪਾਤਸ਼ਾਹ ਵੱਲੋਂ ਰਬਾਬੀ ਕੀਰਤਨਕਾਰਾਂ ਦੇ ਰੁੱਸ ਜਾਣ ਦੀ ਘਟਨਾ ਤੋਂ ਬਾਅਦ ਰਾਗ-ਬੱਧ ਕੀਰਤਨ ਦੀ ਬਖਸ਼ਿਸ਼ ਨਾਲ ਨਿਵਾਜਿਆ ਗਿਆ। ਜਿਸ ਨਾਲ ਗੁਰੂ ਘਰ ਵਿਚ ਰਬਾਬੀ ਅਤੇ ਰਾਗੀ ਕੀਰਤਨਕਾਰਾਂ ਦੀਆਂ ਦੋ ਸ਼੍ਰੇਣੀਆਂ ਪਰਿਪੱਕ ਹੋਈਆਂ, ਜਿਸ ਦੇ ਫ਼ਲਸਵਰੂਪਗੁਰੂ ਵਰੋਸਾਈ 'ਸਬਦ ਕੀਰਤਨ' ਪਰੰਪਰਾ ਪੀੜ੍ਹੀ-ਦਰ-ਪੀੜ੍ਹੀ ਵਿਕਾਸ ਦੀ ਧਾਰਾ 'ਤੇ ਨਿਰੰਤਰ ਵਿਕਸਿਤ ਹੁੰਦੀ ਆ ਰਹੀ ਹੈ। ਇਹਨਾਂ ਗੁਰੂ ਕੇ ਕੀਰਤਨੀਆਂ ਦੇ ਇੱਕ ਤੋਂ ਬਾਅਦ ਇੱਕ ਕਰਕੇ ਇਸ ਸੰਸਾਰ ਵਿੱਚੋਂ ਦੇਹ ਰੂਪ ਵਜੋਂ ਚਲੇ ਜਾਣ ਦੀ ਘਾਟਵਿਚੋਂ ਸਮੁੱਚਾ ਸਿੱਖ ਪੰਥ ਅਜੇ ਉਭਰਿਆ ਹੀ ਨਹੀਂ ਸੀ ਕਿ ਇੰਨੇ ਵਿੱਚ ਗੁਰੂ ਘਰ ਦੀ ਰਾਗੀ ਪਰੰਪਰਾ ਨੂੰ ਜੀਵੰਤ ਅਤੇ ਵਿਕਸਿਤ ਰੱਖਣ ਵਿਚ ਨਿਰੰਤਰ ਕਾਰਜਸ਼ੀਲ ਰਹਿਣ ਵਾਲੇ ਪ੍ਰੋ. ਪਰਮਜੋਤ ਸਿੰਘ ਜੀ ਵੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਸਿੱਖ ਪੰਥ ਨੂੰ ਇੱਕ ਹੋਰ ਸਦਮਾ ਦੇ ਗਏ।

ਭਾਈ ਸਾਹਿਬ ਭਾਈ ਪਰਮਜੋਤ ਸਿੰਘ ਨੂੰ ਸੰਗੀਤਕ ਗੁੜ੍ਹਤੀ ਵਿਰਸੇ ਵਿਚੋਂ ਹੀ ਪ੍ਰਾਪਤ ਹੋਈ। ਆਪ ਜੀ ਦੇ ਪਿਤਾ ਗਿਆਨੀ ਇੰਦਰ ਸਿੰਘ ਆਪਣੇ ਸਮੇਂ ਦੇ ਸਫ਼ਲ ਵਿਆਖਿਆਕਾਰ, ਕਥਾਕਾਰ ਤੇ ਕੀਰਤਨਕਾਰ ਸਨ, ਜਿਹਨਾਂ ਨੇ ਧਾਰਮਿਕ ਪੱਖੋਂ ਜਿੱਥੇ 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਸੂਰਜ ਪ੍ਰਕਾਸ਼ ਗ੍ਰੰਥ' ਅਤੇ ਹੋਰ ਇਤਿਹਾਸਿਕ ਗ੍ਰੰਥਾਂ ਨੂੰ ਆਪਣੇ ਚਿੰਤਨ ਦਾ ਵਿਸ਼ਾ ਬਣਾਇਆ ਉਥੇ ਸੰਗੀਤਕ ਪ੍ਰਤਿਭਾ ਵਾਸਤੇ ਉਹ ਤਰਨਤਾਰਨ ਦੀ ਟਕਸਾਲ ਦੇ ਪ੍ਰਸਿੱਧ ਉਸਤਾਦ ਪੰਡਤ ਨੱਥੂ ਰਾਮ ਜੀ ਦੇ ਸ਼ਾਗਿਰਦ ਬਣ ਸੰਗੀਤਕ ਬਾਰੀਕੀਆਂ ਨੂੰ ਆਤਮਸਾਤ ਕਰਦੇ ਰਹੇ। ਪਿਤਾ ਪਾਸੋਂ ਸੰਗੀਤਕ ਗੁੜ੍ਹਤੀ ਲੈਣ ਮਗਰੋਂ ਉਹਨਾਂ ਦੀ ਪਰਵਰਿਸ਼ ਭਾਈ ਸੁੱਧ ਸਿੰਘ ਪਰਧਾਨ ਸਿੰਘ, ਭਾ. ਧਰਮ ਸਿੰਘ ਜ਼ਖ਼ਮੀ, ਭਾ. ਜੱਸਾ ਪਾਲਾ, ਭਾ. ਸੁਰਜਨ ਸਿੰਘ, ਭਾ. ਸਮੁੰਦ ਸਿੰਘ, ਭਾ. ਅਵਤਾਰ ਸਿੰਘ ਗੁਰਚਰਨ ਸਿੰਘ, ਸੰਤ ਸੁਜਾਨ ਸਿੰਘ ਆਦਿ ਵਰਗੇ ਪੰਥ ਪ੍ਰਸਿੱਧ ਕੀਰਤਨਕਾਰਾਂ ਦੀਆਂ ਗੁਰੂ ਬਖਸ਼ਿਸ਼ ਦੁਆਰਾ ਬਾਣੀ ਅਤੇ ਸੰਗੀਤ ਦੀਆਂ ਅਲੌਕਿਕ ਸਵਰ ਲਹਿਰੀਆਂ ਦੇ ਵਿਸਮਾਦਿਕ ਵਾਤਾਵਰਣ ਵਿੱਚ ਹੋਈ। ਪ੍ਰੋ. ਸਾਹਿਬ ਦਾ ਕਹਿਣਾ ਸੀ ਕਿ ਸੁਰਤ ਸੰਭਾਲਣ ਤੇ ਮੈਨੂੰ ਪ੍ਰਸਿੱਧ ਕੀਰਤਨੀਆਂ ਨੂੰ ਸਨਮੁੱਖ ਬੈਠ ਕੇ ਸੁਣਨ ਦਾ ਮੌਕਾ ਮਿਲਿਆ।

ਪ੍ਰੋ. ਸਾਹਿਬ ਵਿਚ ਬਚਪਨ ਤੋਂ ਹੀ ਸੰਗੀਤਕ ਸੂਝ, ਲਗਣ ਨੂੰ ਭਾਂਪਦੇ ਹੋਏ ਪਿਤਾ ਜੀ ਨੇ ਆਪ ਨੂੰ ਮਾਸਟਰ ਦੇਸ ਰਾਜ ਜੀ ਕੋਲੋਂ ਸ਼ਾਸਤਰੀ ਸੰਗੀਤ ਦੀ ਵਿਧੀਵੱਤ ਤਾਲੀਮ ਲੈਣ ਲਈ ਭੇਜਣਾ ਸ਼ੁਰੂ ਕੀਤਾ। ਇਸ ਤੋਂ ਉਪਰੰਤ ਆਪ ਨੇ ਆਪਣੀ ਸੰਗੀਤਕ ਉਤਕੰਠਾ ਨੂੰ ਸ਼ਾਂਤ ਕਰਨ ਲਈ ਪਟਿਆਲਾ ਘਰਾਣੇ ਉ. ਬਾਕਿਰ ਹੁਸੈਨ ਖਾਨ, ਸੀਆ ਬਿਹਾਰੀ ਸ਼ਰਨ, ਸ੍ਰੀ ਮਦਨ ਬਾਲੀ ਵਰਗੇ ਵਿਖਿਆਤ ਤੇ ਨਾਮੀ ਸੰਗੀਤ ਕਲਾਕਾਰਾਂ ਪਾਸੋਂ ਸ਼ਾਸਤਰੀ ਸੰਗੀਤ ਦੀਆਂ ਗਾਇਨ ਅਤੇ ਵਾਦਨ ਪਰੰਪਰਾਵਾਂ ਦੇ ਗੂੜ੍ਹ ਰਹੱਸਾਂ ਨੂੰ ਗ੍ਰਹਿਣ ਕੀਤਾ। ਪਿਤਾ ਪਾਸੋਂ ਮਿਲੀ ਕੀਰਤਨ ਦੀ ਦਾਤ ਅਤੇ ਆਪਣੇ ਸਮੇਂ ਦੇ ਸੁਪ੍ਰਸਿੱਧ ਕੀਰਤਨਕਾਰਾਂ ਦੀ ਸੰਗਤ ਵਿਚ ਵਿਚਰਦਿਆਂ 'ਸਬਦ ਕੀਰਤਨ' ਦੀ ਮਰਿਆਦਤ ਪਰੰਪਰਾ ਵੱਲ ਅਗ੍ਰਸਰ ਹੋਣਾ ਸੁਭਾਵਿਕ ਹੀ ਸੀ, ਇਸ ਲਈ ਆਪ ਦੇ ਜੀਵਨ 'ਤੇ ਇੱਕ ਅਜਿਹੀ ਸਰਵਾਂਗੀ ਤੇ ਬਹੁਪੱਖੀ ਸ਼ਖਸੀਅਤ ਦਾ ਪ੍ਰਭਾਵ ਪਿਆ ਜਿਸ ਦੇ ਆਪ ਉਮਰ ਭਰ ਉਪਾਸਕ ਹੀ ਨਹੀਂ ਰਹੇ ਸਗੋਂ ਉਹਨਾਂ ਪਾਸੋਂ ਪੁਰਾਤਨ ਤੇ ਪਰੰਪਰਾਵਾਦੀ ਕੀਰਤਨ ਦੀ ਸਿਖਲਾਈ ਲੈ ਕੇ ਉਸਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਿਚ ਨਿਰੰਤਰ ਕਾਰਜਸ਼ੀਲ ਰਹੇ, ਉਸ ਸ਼ਖਸੀਅਤ ਦਾ ਨਾਮ ਹੈ, ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ।

ਪ੍ਰੋ. ਸਾਹਿਬ ਨੇ ਜਿੱਥੇ ਭਾਈ ਸਮੁੰਦ ਸਿੰਘ ਜੀ ਦੀ ਗਾਇਕੀ ਦੀਆਂ ਤਾਨ. ਆਲਾਪ, ਬੋਲ-ਬਾਂਟ, ਤਾਲਾਂ ਦੀ ਵਿਵਧਤਾ ਜਿਹੀਆਂ ਗੂੜ੍ਹ ਤੇ ਮਹੀਨ ਵਿਸ਼ੇਸ਼ਤਾਵਾਂ ਨੂੰ ਆਪਣੀ ਗਾਇਕੀ ਦਾ ਹਿੱਸਾ ਬਣਾਇਆ ਉੱਥੇ ਇੱਕ ਕੀਰਤਨਕਾਰ ਅਤੇ ਗੁਰਸਿੱਖ ਦੀ ਸ਼ਖਸੀ ਰਹਿਣੀ-ਬਹਿਣੀ ਦੇ ਮੁੱਖ ਅੰਗ ਦਸਤਾਰ, ਰਫ਼ਤਾਰ ਅਤੇ ਗੁਫ਼ਤਾਰ ਨੂੰ ਵੀ ਆਪਣੇ ਜੀਵਨ ਵਿਚ ਅਪਣਾਉਂਦਿਆਂ ਸਾਰੀ ਉਮਰ 'ਸਬਦ ਕੀਰਤਨ' ਦੀ ਪਵਿੱਤਰ ਮਰਿਆਦਤ ਪਰੰਪਰਾ ਨੂੰ ਜੀਵੰਤ ਰੱਖਣ ਲਈ ਉਸਦੇ ਸਿਧਾਂਤਕ ਅਤੇ ਵਿਵਹਾਰਿਕ ਪਹਿਲੂਆਂ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ।

ਪ੍ਰੋ. ਸਾਹਿਬਦੀ ਭਾਈ ਸਾਹਿਬ ਪ੍ਰਤੀ ਅਥਾਹ ਸ਼ਰਧਾ ਨੂੰ ਭਾਂਪਦਿਆਂ 1978 ਈ. ਵਿੱਚ 'ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' ਨੇ ਲੁਧਿਆਣਾ ਵਿਖੇ ਵਿਦਿਆਰਥੀਆਂ ਨੂੰ ਗੁਰ ਸਿਧਾਤਾਂ, ਬਾਣੀ-ਬਾਣੇ

ਅਤੇ ਸ਼ਬਦ ਕੀਰਤਨ ਨਾਲ ਜੋੜਨ ਹਿੱਤ ਕੀਤੇ ਉਪਰਾਲਿਆਂ ਤਹਿਤ ਜਦੋਂ ਗੁਰਮਤਿ ਸੰਗੀਤ ਅਕਾਦਮੀ ਦੀ ਸਥਾਪਨਾ ਕਰ ਉਸਦਾ ਨਾਮ 'ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕਾਦਮੀ' ਰੱਖਣ ਦੀ ਯੋਜਨਾ ਬਣਾਈ ਤਾਂ ਪ੍ਰੋ. ਸਾਹਿਬ ਲਈ ਇਸ ਤੋਂ ਜ਼ਿਆਦਾ ਮਾਣ ਵਾਲੀ ਗੱਲ ਹੋਰ ਕਿਹੜੀ ਹੋ ਸਕਦੀ ਸੀ, ਬਸ ਫਿਰ ਆਪ ਵਿਦਿਆਰਥੀਆਂ ਵਿੱਚ ਭਾਈ ਸਾਹਿਬ ਦੇ ਗਾਇਨ ਦੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਚਾਰਨ ਅਤੇ ਉਹਨਾਂ ਨੂੰ ਤਨੋ-ਮਨੋ ਸਿਖਾਉਣ ਲਈ ਵਚਨਵੱਧ ਹੋ ਗਏ, ਸਿੱਟੇ ਵਜੋਂ ਆਪ ਨੂੰ ਇਸ ਅਕਾਦਮੀ ਦਾ ਆਨਰੇਰੀ ਪ੍ਰਿੰਸੀਪਲ ਬਣਾ ਦਿੱਤਾ ਗਿਆ।

ਭਾਈ ਸਾਹਿਬ ਪ੍ਰਤੀ ਪਿਆਰ, ਸਤਿਕਾਰ, ਸ਼ਰਧਾ ਪ੍ਰੋ. ਸਾਹਿਬ ਦੇ ਆਤਮਿਕ, ਮਾਨਸਿਕ ਅਤੇ ਸਰੀਰਕ ਹੱਦਬੰਦੀਆਂ ਦੀਆਂ ਸਮੂਹ ਤੰਦਾਂ ਵਿੱਚ ਇਸ ਕਦਰ ਰਮਿਆ ਹੋਇਆ ਸੀ ਕਿ ਉਹਨਾਂ ਨੇ ਆਪਣੇ ਘਰ ਦਾ ਨਾਮ ਵੀ 'ਸਵਰ ਸਮੁੰਦ' ਰੱਖਿਆ ਹੋਇਆ ਸੀ, ਜਿੱਥੇ ਭਾਈ ਸਾਹਿਬ ਦੁਆਰਾ ਗਾਇਨ ਕੀਤੀਆਂ ਸ਼ਬਦ ਰਾਗ-ਰੀਤਾਂ ਦੀ ਮਧੁਰ ਰਸਭਿੰਨੀ ਆਵਾਜ਼ ਹਮੇਸ਼ਾਂ ਗੂੰਜਾਇਮਾਨ ਰਹਿੰਦੀ। ਭਾਈ ਸਾਹਿਬ ਪ੍ਰਤੀ ਇਹ ਨਿਸ਼ਠਾ ਕੇਵਲ ਉਸਤਾਦ ਪ੍ਰਤੀ ਆਪਣਾ ਸਮਰਪਣ ਹੀ ਨਹੀਂ ਸੀ ਸਗੋਂ 'ਉਸਤਾਦ' ਦੇ ਮਾਧਿਅਮ ਰਾਹੀਂ ਵਿਵਹਾਰਿਕ ਰੂਪ ਵਿੱਚ ਸਦੀਆਂ ਤੋਂ ਪਰਵਾਹਿਤ ਹੁੰਦੀ ਆ ਰਹੀ 'ਸਬਦ ਕੀਰਤਨ' ਦੀ ਮਰਿਆਦਤ ਪਰੰਪਰਾ ਪ੍ਰਤੀ ਵੀ ਆਪ ਦੀ ਵਚਨਵੱਧਤਾ ਸੀ ਜਿਸ ਨੂੰ ਹੂ-ਬ-ਹੂ ਅਗਲੇਰੀ ਪੀੜ੍ਹੀ ਤੱਕ ਪਹੁੰਚਾਣ ਲਈ ਨਾ ਸਿਰਫ ਆਪ ਨੇ 'ਪੰਜਾਬ ਐਂਡ ਸਿੰਧ ਬੈਂਕ','ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' 'ਸੁਕ੍ਰਿਤ ਟਰੱਸਟ' ਅਤੇ ਹੋਰ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸ਼ੁਰੂ ਕੀਤੀਆਂ ਮੁਹਿੰਮਾਂ ਵਿੱਚ ਵਿਦਿਆਰਥੀਆਂ ਦੀ ਸਿਖਲਾਈ ਅਤੇ ਪੁਰਾਤਨ ਸ਼ਬਦ ਰੀਤਾਂ ਦੀਆਂ ਰਿਕਾਰਡਿੰਗਜ਼ ਕਰਵਾ ਕੇ ਆਪਣਾ ਯੋਗਦਾਨ ਪਾਇਆ, ਸਗੋਂ ਆਪ ਨੇ ਉਹਨਾਂ 'ਪੁਰਾਤਨ ਸ਼ਬਦ ਰਾਗ ਰੀਤਾਂ' ਨੂੰਸੁਰ-ਲਿੱਪੀ ਬੱਧ ਕਰਨ ਦਾ ਵੀ ਉਪਰਾਲਾ ਕੀਤਾ। ਇਹਨਾਂ ਵਿੱਚੋਂ ਵਿਸ਼ੇਸ਼ ਰੂਪ ਵਿੱਚ 'ਸਮੁੰਦ ਸਾਗਰ', 'ਸਹਜਿ ਧੁਨਿ', 'ਸਵਰ ਸਮੁੰਦ ਸ਼ਬਦ ਰੀਤ ਰਤਨਾਵਲੀ', ਹਰਿ ਕੀਰਤਨ ਮਹਿ ਉਤਮ ਧੁਨਾ' ਕਿਤਾਬਾਂ ਸ਼ਾਮਿਲ ਹਨ। ਇਸਤੋਂ ਇਲਾਵਾ ਆਪ ਦੁਆਰਾ ਰਚਿਤ 'ਕਿਨਿ ਬਿਧਿ ਕੀਰਤਨ ਗਾਇ ਜੀਉ', 'ਸਵਰ ਸਮੁੰਦ- ਜੀਵਨ ਝਾਤ ਭਾਈ ਸਾਹਿਬ ਭਾਈ ਸਮੁੰਦ ਸਿੰਘ, 'ਮੇਰੀਆਂ ਅਭੁੱਲ਼ ਯਾਦਾਂ' ਕਿਤਾਬਾਂ ਸ਼ਬਦ ਕੀਰਤਨ ਦੀਆਂ ਵਿਭਿੰਨ ਪਰੰਪਰਾਵਾਂ ਅਤੇ ਆਪਣੇ ਜੀਵਨ ਵਿਚਲੇ ਭਾਈ ਸਾਹਿਬ ਤੇ ਹੋਰ ਗੁਰਸਿੱਖ ਕੀਰਤਨਕਾਰਾਂ ਨਾਲ ਸੰਬੰਧਿਤ ਅਨੁਭਵਾਂ ਰਾਹੀਂ ਸ਼ਬਦ ਕੀਰਤਨ ਦੇ ਸਿਧਾਂਤਕ ਤੇ ਵਿਹਾਰਕ ਪੱਖ ਜਿਗਿਆਸੂਆਂ ਤੇ ਖੋਜੀ ਪਾਂਧੀਆਂ ਲਈ ਬਹੁਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਹੈ। ਇਸੇ ਲੜੀ ਤਹਿਤ ਆਪ ਨੇ ਪੰਜਾਬ ਐਂਡ ਸਿੰਧ ਬੈਂਕ ਵੱਲੋਂ 1996 ਵਿੱਚ ਸਥਾਪਿਤ 'ਸਿੱਖ ਡਿਵੋਸ਼ਨਲ ਮਿਊਜ਼ਿਕ ਆਰਕਾਈਵਜ਼' ਵਿੱਚ ਬਤੌਰ ਸੰਚਾਲਕ ਕਾਰਜ ਕਰਦਿਆਂ 600 ਤੋਂ ਵਧੇਰੇ ਪੁਰਾਤਨ ਤੇ ਟਕਸਾਲੀ ਸ਼ਬਦ ਰੀਤਾਂ ਦੀਆਂ ਆਡੀਓ ਕੈਸਟਾਂ ਦੇ ਖਜ਼ਾਨੇ ਨੂੰ ਆਉਣ ਵਾਲੀ ਭਾਵੀ ਪੀੜ੍ਹੀ ਲਈ ਸੰਭਾਲਿਆ।

ਪ੍ਰੋ. ਸਾਹਿਬ ਜੀ ਦੀ ਸਮੁੱਚੀ ਸ਼ਖ਼ਸੀਅਤ 'ਤੇ ਧਿਆਨ ਮਾਰੀਏ ਤਾਂ ਉਹ ਬਨਫਸ਼ੇ ਦੇ ਉਸ ਫੁੱਲ ਵਰਗੀ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਦੂਰ ਪਹਾੜਾਂ ਵਿੱਚ ਜ਼ਾਹਰਾ ਤੌਰ ਤੇ ਪ੍ਰਗਟ ਹੋਣ ਦੀ ਬਜਾਇ ਲੋਕਾਈ ਦੀ ਨਿਗ੍ਹਾਬੰਦੀ ਤੋਂ ਉਹਲੇ ਉੱਗਦਾ ਹੈ ਅਤੇ ਆਪਣੀ ਮਧੁਰ, ਰਸਭਿੰਨੜੀਆਂ ਛਹਿਬਰਾਂ ਨਾਲ ਸਮਸਤ

ਕਾਇਨਾਤ ਨੂੰ ਸਰੋਸ਼ਾਰ ਕਰਦਾ ਹੈ। ਪੰਜਾਬੀ ਦੇ ਪ੍ਰਸਿੱਧ ਕਵੀਭਾਈ ਵੀਰ ਸਿੰਘ ਜੀ ਆਪਣੀ ਕਵਿਤਾ 'ਬਨਫ਼ਸ਼ਾਂ ਦਾ ਫੁੱਲ' ਵਿੱਚ ਅਜਿਹੀ ਸ਼ਖ਼ਸੀਅਤ ਬਾਰੇ ਬਿਆਨ ਕਰਦੇ ਹਨ :

ਮਿਰੀ ਛਿਪੀ ਰਹੇ ਗ਼ੁਲਜ਼ਾਰ

ਮੈਂ ਨੀਵਾਂ ਉੱਗਿਆ,

ਕੁਈ ਲਗੇ ਨਾ ਨਜ਼ਰ ਟਪਾਰ

ਮੈ ਪਰਬਤ ਲੁਕਿਆ,

ਮੈ ਲਿਆ ਅਕਾਸ਼ੋਂ ਰੰਗ

ਜੁ ਸ਼ੋਕ ਨਾ ਵੰਨ ਦਾ,

ਹਾਂ, ਧੁਰੋਂ ਗਰੀਬੀ ਮੰਗ

ਮੈ ਆਯਾ ਧਰਤ ਤੇ,

ਠੀਕ ਇਸੇ ਤਰ੍ਹਾਂ ਪ੍ਰੋ. ਪਰਮਜੋਤ ਸਿੰਘ ਉਹ ਗੁਣਾਂ ਰੂਪੀ ਗੁਥਲੇ ਸਨ, ਜਿਹਨਾਂ ਨੇ 'ਗਰੁਮੁਖ ਰਿਦੈ ਗਰੀਬੀ ਆਵੈ' ਦੇ ਗੁਰਬਾਣੀ ਸਿਧਾਂਤ ਅਨੁਸਾਰ ਵੱਖ-ਵੱਖ ਉਸਤਾਦ ਗੁਣੀ-ਜਨਾਂ, ਵਿਦਵਾਨਾਂ ਪਾਸੋਂ 'ਨਾਦ ਸੰਸਾਰ' ਦੀਆਂ ਵਿਸਮਾਦੀ, ਅਨਾਦੀ ਕਣੀਆਂ ਨੂੰ ਗ੍ਰਹਿਣ ਕਰ 'ਸਬਦ ਗੁਰੂ' ਦੀ ਸੇਵਾ ਕਰਦਿਆਂ ਬੜੀ ਸ਼ਿੱਦਤ, ਲਗਨ, ਨਾਲ ਕਾਰਜ ਕੀਤਾ। ਆਪਣੇ ਕਾਰਜਾਂ ਅਤੇ ਪ੍ਰਾਪਤੀਆਂ ਹਿੱਤ ਆਪ ਨੇ ਕਦੇ ਵੀ ਦੁਨਿਆਵੀ ਸਰਕਾਰਾਂ-ਦਰਬਾਰਾਂ ਕੋਲੋਂ ਇਵਜ਼ ਵਜੋਂ ਕੋਈ ਮਾਣ-ਸਨਮਾਨ ਦੀ ਲਾਲਸਾ ਨਹੀਂ ਰੱਖੀ। ਗੁਰਵਾਕ 'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥' ਅਨੁਸਾਰ ਆਪ ਦਾ ਸਮੁੱਚਾ ਕਾਰਜ ਕੇਵਲ ਗੁਰੂ ਨੂੰ ਹੀ ਸਮਰਪਿਤ ਸੀ, ਜਿਸ ਕਾਰਨ ਆਪ ਗੁਰਮਤਿ ਸੰਗੀਤ ਅਤੇ ਗੁਰੂ ਘਰ ਦੇ ਸੱਚੇ ਗੁਰਮੁਖ ਸੇਵਾਦਾਰ ਹੋ ਨਿਬੜੇ ਹਨ। ਆਪ ਜੀ ਦੇ ਦੇਹ ਰੂਪ ਵਜੋਂ ਸੰਸਾਰ ਨੂੰ ਤਿਆਗ ਕੇ ਚਲੇ ਜਾਣ ਨਾਲ ਸਿੱਖ ਪੰਥ ਨੂੰ ਜੋ ਘਾਟਾ ਪਿਆ ਹੈ, ਉਹ ਅਸਹਿਨੀਯ ਅਤੇ ਅਕਹਿਨੀਯ ਹੈ। ਇਸ ਬਾਬਤ ਸਿਰਫ ਇਹੀ ਕਿਹਾ ਜਾ ਸਕਦਾ ਹੈ:

" ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥ ਸਚੀ ਦਰਗਹ ਜਾਇ ਸਚਾ ਪਿੜੁ ਮਲਿਆ॥ "

**ਜੂਨੀਅਰ ਰਿਸਰਚ ਫੈਲੋ,ਗੁਰੂ ਨਾਨਕ ਦੇਵ ਸੈਂਟਰ ਫਾਰ ਸਿੱਖ ਮਿਊਜ਼ਿਕ,ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,ਫ਼ਤਿਹਗੜ੍ਹ ਸਾਹਿਬ। ਮੋ. 99151-44118**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਮਹੰਤ ਗੱਜਾ ਸਿੰਘ

ਮਹੰਤ ਗੱਜਾ ਸਿੰਘ ਦਾ ਜਨਮ 1849 ਈ. ਨੂੰ ਪਿੰਡ ਬਦਰ, ਸਿਆਸਤ ਫਰੀਦਕੋਟ ਵਿਖੇ ਹੋਇਆ। ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਭਾਈ ਹਰਨਾਮ ਸਿੰਘ (ਦਿਲਰੁਬਾ ਵਾਦਕ) ਅਨੁਸਾਰ ਮਹੰਤ ਜੀ ਸੰਗੀਤ ਨੂੰ ਹੀ ਜੀਵਨ ਮੰਨਦੇ ਸਨ, ਭਾਵ ਇਹ ਕਿ ਮਹੰਤ ਜੀ ਸੰਗੀਤ ਦੇ ਮਹਾਨ ਉਪਾਸ਼ਕ ਸਨ ਅਤੇ ਉਨ੍ਹਾਂ ਨੇ ਸਾਰਾ ਜੀਵਨ ਸੰਗੀਤ ਦੀ ਹੀ ਧੁੰਨ ਵਿਚ ਬਤੀਤ ਕੀਤਾ। 'ਇਕ ਵਾਰ ਭਾਈ ਹਰਨਾਮ ਸਿੰਘ ਨੇ ਪੁਛਿਆ ਕਿ ਗੁਰੂ ਜੀ ਤੁਹਾਡੇ ਮਾਤਾ ਦਾ ਕੀ ਨਾਮ ਹੈ ਤਾਂ ਮਹੰਤ ਗੱਜਾ ਸਿੰਘ ਨੇ ਉੱਤਰ ਦਿੱਤਾ 'ਸੰਗੀਤ' ਹੈ। ਸੰਗੀਤ ਹੀ ਮੇਰੇ ਮਾਤਾ-ਪਿਤਾ ਹਨ ਅਤੇ ਸੰਗੀਤ ਹੀ ਮੇਰਾ ਨਗਰ ਗਿਰਾਂ।'

ਸੰਗੀਤ ਸਿਖਿਆ : ਮਹੰਤ ਜੀ ਨੇ ਸੰਗੀਤ ਦੀ ਸਿਖਿਆ ਫਿਰੋਜ਼ਸ਼ਾਹ ਦੇ ਖਾਨਦਾਨ ਦੇ ਸੰਗੀਤਕਾਰ ਮੀਰ ਨਾਸਿਰ ਅਹਿਮਤ ਦੇ ਪੁੱਤਰ ਮੀਰ ਰਹਿਮਤ ਅਲੀ ਖਾਂ ਤੋਂ ਪ੍ਰਾਪਤ ਕੀਤੀ ਸੀ। ਇਨ੍ਹਾਂ ਨੇ ਧਰੁਪਦ ਅੰਗ ਤੋਂ ਸਾਰੀ ਤਾਲੀਮ ਨੂੰ ਤਾਊਸ ਉੱਤੇ ਰਿਆਜ਼ ਕੀਤਾ। ਆਪਨੇ ਵੀਣਾ ਵਾਦਨ ਦੀ ਤਾਲੀਮ ਸੱਯਦ ਨਿਰਮੂਲ ਸ਼ਾਹ ਦੇ ਸ਼ਾਗਿਰਦ ਗੋਸੁਆਮੀ ਗੰਗਾਸਿਰੀ ਤੋਂ ਪ੍ਰਾਪਤ ਕੀਤੀ। ਵੀਣਾ ਦੀ ਗੰਭੀਰਤਾ ਅਤੇ ਟਿਕਾਅ ਪੂਰਨ ਸਵਰਾਂ ਨੂੰ ਆਪਣੇ ਤਾਊਸ ਵਿਚ ਢਾਲਿਆ ਅਤੇ ਵੀਣਾ ਦੇ ਝਾਲੇ ਨੂੰ ਤਾਊਸ ਉੱਤੇ ਵਜਾਉਣ ਵਿਚ ਨਿਪੁੰਨ ਸਨ। ਮਹੰਤ ਗੱਜਾ ਸਿੰਘ ਦੇ ਗੁਰੂ ਗੋਸੁਆਮੀ ਦੀ ਸ਼ਖ਼ਸੀਅਤ ਦਾ ਮਹੰਤ ਦੇ ਵਿਅਕੀਤਵ ਉੱਤੇ ਬਹੁਤ ਪ੍ਰਭਾਵ ਸੀ। ਉਹ ਬਹੁਤ ਵਾਰ ਗੋਸੁਆਮੀ ਜੀ ਦੀ ਸ਼ਖ਼ਸੀਅਤ ਸਬੰਧੀ ਵਿਖਿਆਨ ਕਰਦੇ ਸਨ ਜਿਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਤੇ ਸੁਆਮੀ ਜੀ ਦੇ ਉੱਚੇ ਸੁਚੇ ਜੀਵਨ ਦੇ ਪ੍ਰਭਾਵ ਦਾ ਪਤਾ ਲਗਦਾ ਹੈ।

ਮਹੰਤ ਗੱਜਾ ਸਿੰਘ ਤਾਲੀਮ ਪ੍ਰਾਪਤ ਕਰਨ ਉਪਰੰਤ ਗੁਰਦੁਆਰਾ ਗੁਰੂਸਰ ਵਿਖੇ ਰਹਿਣ ਲੱਗੇ। ਇਥੇ ਰਹਿ ਕਿ ਗੁਰੂ ਘਰ ਦੀ ਸੇਵਾ ਕੀਤੀ ਅਤੇ ਨਾਲ ਹੀ ਤਾਊਸ ਦਾ ਰਿਆਜ਼ ਕਰਦੇ ਰਹੇ। ਸ਼ਾਤ ਵਾਤਾਵਰਣ ਵਿਚ ਮਹੰਤ ਜੀ ਦੀ ਸੰਗੀਤ ਸਾਧਨਾ, ਸੂਖਮ ਅਨੁਭਵ ਅਤੇ ਗੰਭੀਰ ਚਿੰਤਨ ਵਿਚ ਬਹੁਤ ਸਹਾਈ ਹੋਇਆ। ਮਹੰਤ ਜੀ ਤਾਊਜ ਵਜਾਉਣ ਵਿਚ ਬਹੁਤ ਨਿਪੁੰਨ ਹੋ ਗਏ। ਇਨ੍ਹਾਂ ਦੀ ਨਿਪੁੰਨਤਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੌਸ਼ ਵਿਚ ਇਸ ਤਰ੍ਹਾਂ ਲਿਖਿਆ ਹੈ, "ਫਿਰੋਜ਼ਪੁਰ ਦੇ ਜ਼ਿਲ੍ਹੇ ਮੇਹਰਾਜ ਪਿੰਡ ਦੀ ਹੱਦ ਵਿਚ ਛੇਵੇਂ ਪਾਤਸ਼ਾਹ ਜੀ ਦਾ ਤਾਲ ਜਿਸਦੇ ਕਿਨਾਰੇ ਡੇਰਾ ਜਮਾ ਕੇ ਸ਼ਾਹੀ ਸੇਨਾ ਨਾਲ ਤੀਜਾ ਜੰਗ ਗੁਰੂ ਸਾਹਿਬ ਜੀ ਨੇ ਕੀਤਾ, ਜਿਸ ਥਾਂ ਗੁਰੂ ਸਾਹਿਬ ਜੀ ਦਾ ਤੰਬੂ ਸੀ ਉਥੇ ਮਹਾਰਾਜਾ ਹੀਰਾ ਸਿੰਘ ਨਾਭਾਪਤੀ ਨੇ ਬਹੁਤ ਸੁੰਦਰ ਗੁਰਦੁਆਰਾ ਬਣਾਇਆ ਹੈ, ਇਸ ਥਾਂ ਤੇ ਮਹੰਤ ਭਾਈ ਗੱਜਾ ਸਿੰਘ ਸਿੱਖਾਂ ਵਿਚ ਅਦੁੱਤੀ ਰਾਗ ਵਿਦਿਆ ਦੇ ਪੰਡਿਤ ਹੁੰਦੇ ਸਨ। ਜਿਹਨਾਂ ਨੇ ਵੀ ਤਾਊਸ ਅਲਾਪ ਸੁਣਿਆ ਹੈ ਉਹ ਕਦੇ ਵੀ ਉਨ੍ਹਾਂ ਨੂੰ ਨਹੀਂ ਭੁਲਦੇ।"

ਇਹਨਾਂ ਦੇ ਤਾਊਸ ਦੀ ਉਸਤਤ ਪਟਿਆਲਾ ਮਹਾਰਾਜਾ ਭੁਪਿੰਦਰ ਸਿੰਘ (1891-1938) ਤੱਕ ਪਹੁੰਚੀ। ਪਟਿਆਲਾ ਮਹਾਰਾਜਾ ਇਸ ਸਮੇਂ ਤੱਕ ਮਹੰਤ ਗੱਜਾ ਸਿੰਘ ਦੇ ਧਾਰਮਿਕ ਸੁਭਾਅ ਅਤੇ ਚਰਿੱਤਰ ਤੋਂ ਪੂਰੀ ਤਰ੍ਹਾਂ ਜਾਣੂ ਹੋ ਚੁੱਕੇ ਸਨ। ਮਹਾਰਾਜਾ ਪਟਿਆਲਾ ਨੇ ਮਹੰਤ ਗੱਜਾ ਸਿੰਘ ਤੋਂ ਵਾਦਨ ਸਿੱਖਣ ਦੀ ਇੱਛਾ ਪ੍ਰਗਟ ਕੀਤੀ। ਮਹੰਤ ਜੀ ਨੇ ਮਹਾਰਾਜਾ ਪਟਿਆਲਾ ਦੀ ਸ਼ਰਧਾ ਅਤੇ ਪ੍ਰੇਮ ਦੇਖ ਕੇ ਬੇਨਤੀ ਸਵੀਕਾਰ ਕਰ ਲਈ ਅਤੇ ਉਨ੍ਹਾਂ ਨੂੰ ਪਟਿਆਲਾ ਵਿਖੇ ਸਿਖਾਉਣਾ ਆਰੰਭ ਕਰ ਦਿੱਤਾ। ਕੁਝ ਹੀ ਸਮੇਂ ਬਾਅਦ ਮਹੰਤ ਗੱਜਾ ਸਿੰਘ ਨੇ ਮਹਾਰਾਜੇ ਦੇ ਰੁਝੇਵਿਆਂ ਨੂੰ ਦੇਖਦੇ ਹੋਏ, ਇਹ ਮਹਿਸੂਸ ਕੀਤਾ ਕਿ ਭਾਵੇਂ ਮਹਾਰਾਜਾ ਸੰਗੀਤ ਪ੍ਰਤਿ ਸ਼ਰਧਾ ਰੱਖਦੇ ਹਨ ਪਰੰਤੂ ਉਨ੍ਹਾਂ ਨੂੰ ਸੰਗੀਤ ਸਾਧਨਾ ਲਈ ਸਮਾਂ ਘੱਟ ਮਿਲਦਾ, ਜਿਸ ਕਾਰਨ ਮਹੰਤ ਜੀ ਨੇ ਮਹਾਰਾਜਾ ਭੁਪਿੰਦਰ ਸਿੰਘ ਤੋਂ ਗੁਰੂਸਰ ਜਾਣ ਦੀ ਆਗਿਆ ਮੰਗੀ। ਮਹਾਰਾਜਾ ਭੁਪਿੰਦਰ ਸਿੰਘ ਨੇ ਮਹੰਤ ਜੀ ਨੂੰ ਭਾਵੇਂ ਆਪਣੇ ਆਪ ਨੂੰ ਹੀ ਨਹੀਂ ਪਰੰਤੂ ਕੁਝ ਹੋਣਹਾਰ ਸੰਗੀਤ ਪ੍ਰੇਮੀਆਂ ਨੂੰ ਸੰਗੀਤ ਦੀ ਸਿਖਿਆ ਦੇਣ ਦੀ ਇੱਛਾ ਪ੍ਰਗਟ ਕੀਤੀ। ਇਸ ਤੋਂ ਇਲਾਵਾ ਮਹਾਰਾਜਾ ਭੁਪਿੰਦਰ ਸਿੰਘ ਨੇ ਮਹੰਤ ਜੀ ਦੀ ਵਿਦਿਆ ਦਾ ਪੂਰਾ-ਪੂਰਾ ਲਾਭ ਉਠਾਉਣ ਲਈ ਗੁਰਬਾਣੀ ਸੰਗੀਤ ਵਿਸ਼ੇ ਤੇ ਇਕ ਗ੍ਰੰਥ ਲਿਖਣ ਦੀ ਵੀ ਇੱਛਾ ਪ੍ਰਗਟ ਕੀਤੀ। ਇਸ ਖੋਜ-ਕਾਰਜ ਕਰਨ ਹਿੱਤ ਤੇ ਮਹੰਤ ਜੀ ਦਾ ਮਨ ਪਟਿਆਲਾ ਵਿਖੇ ਲੱਗ ਗਿਆ ਅਤੇ ਉਨ੍ਹਾਂ ਨੇ ਖੋਜ ਕਰਕੇ ਇਕ ਤਰ੍ਹਾਂ ਨਾਲ ਗੁਰੂ ਘਰ ਦੀ ਸੇਵਾ ਕਰਨ ਦਾ ਵਿਚਾਰ ਬਣਾ ਲਿਆ। ਬਾਅਦ ਵਿਚ ਉਨ੍ਹਾਂ ਦਾ 'ਇਹ ਖੋਜ ਭਰਪੂਰ ਗ੍ਰੰਥ' 'ਗੁਰਮਤਿ ਸੰਗੀਤ' ਦੇ ਨਾਮ ਨਾਲ ਪ੍ਰਕਾਸ਼ਿਤ ਹੋਇਆ। ਜਿਸ ਤੋਂ ਭਾਈ ਕਾਨ੍ਹ ਸਿੰਘ ਨਾਭਾ ਨੇ (ਜਿਹੜੇ ਕੇ ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਸਨ) ਪੂਰਾ ਪੂਰਾ ਲਾਭ ਉਠਾਇਆ। ਨਿਰਮਲ ਸਿੰਘ ਖਾਲਸਾ ਦੇ ਮਹੰਤ ਗੱਜਾ ਸਿੰਘ ਸੰਬੰਧੀ ਸ਼ਬਦਾਂ ਵਿਚ "ਮਹੰਤ ਗੱਜਾ ਸਿੰਘ ਨੂੰ ਦੀ ਬੇਹੱਦ ਮੁਹਾਰਤ ਹਾਸਿਲ ਸੀ ਜੋ ਕਿ ਉਨ੍ਹਾਂ ਦੇ ਸਮੇਂ 'ਚ ਤਾਊਸ ਸਮਰਾਟ ਹੀ ਕਹੇ ਜਾ ਸਕਦੇ ਹਨ। ਤਾਊਸ ਵਜਾਉਂਦੇ ਸਮੇਂ ਆਪ ਜੀ ਅਕਹਿ ਰਸ ਦੀਆਂ ਛੱਲਾਂ ਦੇ ਆਤਮਿਕ ਹੁਲਾਰਿਆਂ 'ਚ ਗਵਾਚ ਕੇ ਹੀ ਰਹਿ ਜਾਂਦੇ ਤੇ ਇੰਜ ਕਰਕੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਪ ਜੀ ਦੇ ਸਿਰ ਉਪਰ ਪੂਰਾ ਹੱਥ ਸੀ, ਕਿਉਂਕਿ ਤਾਊਸ ਸਾਜ਼ ਨੂੰ ਈਜ਼ਾਦ 'ਸ੍ਰੀ ਗੁਰੂ ਅਰਜਨ ਦੇਵ ਜੀ' ਪੰਜਵੀਂ ਪਾਤਸ਼ਾਹ ਜੀ ਨੇ ਕੀਤਾ ਸੀ।"

ਮਹੰਤ ਗੱਜਾ ਸਿੰਘ ਦੀ ਵਾਦਯ ਪ੍ਰਵੀਨਤਾ ਬਾਰੇ ਕਈ ਘਟਨਾਵਾਂ ਪ੍ਰਸਿੱਧ ਅਤੇ ਇਤਿਹਾਸਕ ਹਨ 9 ਮਾਰਚ 1908 ਈ. ਨੂੰ ਮਹਾਰਾਜਾ ਭੁਪਿੰਦਰ ਸਿੰਘ (1891-1938) ਦੀ ਸ਼ਾਦੀ ਜੀਂਦ ਦੇ ਸਰਦਾਰ ਗੁਰਨਾਮ ਸਿੰਘ ਦੀ ਧੀ ਬਖਤਾਵਰ ਕੌਰ ਨਾਲ ਹੋਣੀ ਤੈਅ ਹੋ ਗਈ ਸੀ। ਮਹਾਰਾਜਾ ਪਟਿਆਲਾ ਚਾਹੁੰਦੇ ਸਨ ਕਿ ਗੌਹਰਜਾਨ (1870-1930) ਪਟਿਆਲਾ ਸ਼ਾਦੀ ਤੇ ਆ ਕੇ ਸ਼ਾਦੀ ਦੇ ਮਾਹੌਲ ਨੂੰ ਹੋਰ ਰੋਸ਼ਨ ਕਰ ਦੇਵੇਗੀ। ਪਰੰਤੂ ਜਦੋਂ ਗੌਹਰ ਜਾਨ ਨੂੰ ਪਹੁੰਚ ਕੀਤੀ ਗਈ ਤਾਂ ਗੋਹਰ ਜਾਨ ਨੇ ਮਹਾਰਾਜਾ ਪਟਿਆਲਾ ਦੀ ਸ਼ਾਦੀ ਤੇ ਆਉਣ ਨੂੰ ਮਨਾ ਕਰ ਦਿੱਤਾ। ਇਹ ਗੱਲ ਸੁਣ ਕੇ ਮਹਾਰਾਜਾ ਪਟਿਆਲਾ ਉਦਾਸ ਰਹਿਣ ਲੱਗ ਗਿਆ। ਜਿਸ ਸਮੇਂ ਮਹੰਤ ਗੱਜਾ ਸਿੰਘ ਨੂੰ ਮਹਾਰਾਜਾ ਪਟਿਆਲਾ ਦੀ ਉਦਾਸੀ ਦਾ ਕਾਰਨ ਪਤਾ ਲੱਗਿਆ ਤਾਂ ਮਹੰਤ ਜੀ ਕਹਿਣ ਲੱਗੇ ਮਹਾਰਾਜਾ ਜੇਕਰ ਗੌਹਰ ਜਾਨ ਸਹੀ ਅਰਥਾਂ ਵਿਚ ਸੰਗੀਤਕਾਰ ਹੋਈ ਤਾਂ ਉਹ ਪਟਿਆਲਾ ਜ਼ਰੂਰ ਪਹੁੰਚੇਗੀ। "ਪਰੰਤੂ ਜੇਕਰ ਉਹ ਐਸੀ ਵੈਸੀ ਹੀ ਹੋਈ, ਤਾਂ ਫਿਰ ਅਸੀਂ ਕੀ ਕਹਿ ਸਕਦੇ ਹਾਂ ?"

ਮਹੰਤ ਗੱਜਾ ਸਿੰਘ ਉਸੀ ਸਮੇਂ ਤਿਆਰੀ ਕਰਕੇ ਕਲਕੱਤਾ ਰਵਾਨਾ ਹੋ ਗਏ। ਮਹੰਤ ਜੀ ਗੌਹਰਜਾਨ ਦੇ ਰਿਹਾਇਸ਼ ਦੇ ਨਜ਼ਦੀਕ ਆਪਣਾ ਤਾਊਸ ਵਾਦਨ ਆਰੰਭ ਕੀਤਾ। ਮਹੰਤ ਜੀ ਦਾ ਸੁਰੀਲਾ ਤਾਊਸ ਵਾਦਨ ਸੁਣ ਕੇ ਆਲੇ-ਦੁਆਲੇ ਸਰੋਤਿਆਂ ਦਾ ਇਕੱਠ ਹੋ ਗਿਆ। ਕੁਝ ਸਮੇਂ ਬਾਅਦ ਗੌਹਰ ਜਾਨ ਜਦੋਂ ਮਹੰਤ ਜੀ ਕੋਲੋਂ ਘੀ ਤਾਂ, ਮਹੰਤ ਜੀ ਦਾ ਅਤਿ ਸੁਰੀਲਾ ਤਾਊਸ ਵਾਦਨ ਸੁਣਕੇ ਉਸਨੇ ਮਹੰਤ ਜੀ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਬਾਅਦ ਵਿਚ ਮਹੰਤ ਜੀ ਦੇ ਅਨੁਰੋਧ ਤੇ ਗੌਹਰ ਜਾਨ ਨੂੰ ਪਟਿਆਲਾ ਸ਼ਾਦੀ ਤੇ ਪੁੱਜਣ ਨੂੰ ਰਾਜ਼ੀ ਕਰ ਲਿਆ।

ਮਹੰਤ ਗੱਜਾ ਸਿੰਘ ਦੀ ਤਾਊਸ ਵਾਦਨ ਦੀ ਮੁਹਾਰਤ ਤੇ ਪ੍ਰਸਿੱਧੀ ਬਾਰੇ ਇੱਕ ਹੋਰ ਘਟਨਾ ਇਸ ਪ੍ਰਕਾਰ ਹੈ "1911 ਈ. ਵਿਚ ਅੰਗਰੇਜ਼ਾਂ ਨੇ ਕਲਕੱਤੇ ਤੋਂ ਆਪਣੀ ਪ੍ਰਸ਼ਾਸਨੀ ਸੋਖ ਲਈ ਰਾਜਧਾਨੀ ਜਦੋਂ ਦਿੱਲੀ ਵਿਖੇ ਲੈ ਕੇ ਆਏ ਤਾਂ ਉਥੇ ਅੰਗਰੇਜ਼ਾਂ ਨੇ ਜਸ਼ਨ ਦੀ ਤਿਆਰੀ ਕੀਤੀ ਅਤੇ ਜਸ਼ਨ ਵਿਚ ਦੇਸ਼ ਭਰ ਦੇ ਵੱਡੇ-ਵੱਡੇ ਕਲਾਕਾਰਾਂ ਨੇ ਭਾਗ ਲਿਆ, ਪਰੰਤੂ ਉਸ ਸਮੇਂ ਦੇ ਵਾਇਰਾਏ ਸਾਹਿਬ ਲਾਰਡ ਹਾਰਡਿੰਗ ਸਭ ਤੋਂ ਵੱਧ ਪ੍ਰਭਾਵਿਤ ਮਹੰਤ ਗੱਜਾ ਸਿੰਘ ਦੀ ਕਲਾ ਦੇਖ ਕੇ ਹੋਏ ਸਨ।"

ਇਕ ਪ੍ਰਸਿੱਧ ਘਟਨਾ ਇਹ ਹੈ ਕਿ ਮਹਾਰਾਜਾ ਸਾਹਿਬ ਨੇ ਮਹੰਤ ਗੱਜਾ ਸਿੰਘ ਨੂੰ ਜਾਰਜ ਪਚੰਮ ਨਾਲ ਪਰਿਚਿਤ ਕਰਵਾਇਆ ਸੀ। ਮਹੰਤ ਗੱਜਾ ਸਿੰਘ ਨੇ ਤਾਊਸ ਦੀਆਂ ਤਰਬਾਂ ਨੂੰ ਅਜੇ ਛੇੜਨਾ ਸ਼ੁਰੂ ਹੀ ਕੀਤਾ ਸੀ ਕਿ ਉਸਨੇ ਸਰੋਤਿਆਂ ਦੇ ਦਿਲਾਂ ਨੂੰ ਛੂ ਲਿਆ। ਦਰਬਾਰ ਵਿਚ ਜਾਰਜ ਪੰਚਮ ਅਤੇ ਲਾਰਡ ਹਾਰਡਿੰਗ, ਜਿਹੜੇ ਕਿ ਉਸ ਸਮੇਂ ਦੇ ਵਾਇਸਰਾਏ ਹਿੰਦ ਸੀ, ਮਹੰਤ ਗੱਜਾ ਸਿੰਘ ਦਾ ਤਾਊਸ ਸੁਣਿਆ ਅਤੇ ਸੁਣ ਕਿ ਬੇਹੱਦ ਪ੍ਰਸੰਨ ਹੋਏ ਅਤੇ ਇਹ ਤੱਤਕਾਲ ਹੁਕਮ ਜਾਰੀ ਕਰ ਦਿੱਤਾ ਕਿ ਮਹੰਤ ਜੀ ਅਤੇ ਉਨ੍ਹਾਂ ਦੇ ਸਾਥੀ ਵਾਦਕ ਕਲਾਕਾਰਾਂ ਨੂੰ ਉਮਰ ਭਰ ਲਈ ਰੇਲਵੇ ਦੇ ਪਹਿਲੇ ਦਰਜੇ ਦਾ ਪਾਸ ਦੇ ਦਿੱਤਾ ਤਾਂ ਕਿ ਉਹ ਆਪਣੀ ਕਲਾ ਹਿੰਦੁਸਤਾਨ ਦੇ ਕੋਨੇ-ਕੋਨੇ ਵਿਚ ਬਿਖੇਰ ਸਕਣ। ਉਸ ਸਮੇਂ ਇਹ ਕਿਸੀ ਸੰਗੀਤਕਾਰ ਦਾ ਬਹੁਤ ਵੱਡਾ ਸਨਮਾਨ ਸੀ।

ਮਹੰਤ ਗੱਜਾ ਸਿੰਘ ਦੀ ਸੰਗੀਤਕ ਉਚੱਤਾ ਨੂੰ ਗੋਰਿਆਂ, ਮੁਸਲਮਾਨਾਂ ਅਤੇ ਹਿੰਦੂ, ਸਿੱਖਾਂ ਸਭ ਨੇ ਸਵੀਕਾਰ ਕੀਤਾ ਪਰੰਤੂ ਮਹੰਤ ਜੀ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਮਹਾਰਾਜਾ ਪਟਿਆਲਾ ਦੀ ਇਛਾ ਦਾ ਪਾਲਣ ਕਰਦੇ ਹੋਏ, ਉਨ੍ਹਾਂ ਨੇ 'ਗੁਰਮਤਿ ਸੰਗੀਤ' ਗ੍ਰੰਥ ਸੰਪੂਰਨ ਕੀਤਾ। ਕਿਹਾ ਜਾਂਦਾ ਹੈ ਕਿ ਇਸ ਗ੍ਰੰਥ ਤੇ ਉਸ ਸਮੇ ਤਿੰਨ ਲੱਖ ਰੁਪਏ ਤੋਂ ਵੀ ਵੱਧ ਖਰਚਾ ਹੋਇਆ ਸੀ। ਇਹ ਕੀ ਨਿਰੰਤਰ ਤਪ ਸਾਧਨਾਂ ਤੋਂ ਬਾਅਦ ਜਦੋਂ ਇਹ ਇਤਿਹਾਸਕ ਗ੍ਰੰਥ ਤਿਆਰ ਹੋਇਆ ਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਇਕੱਤੀ ਰਾਗਾਂ ਦੀਆਂ ਤਾਂ ਜਿਲਦਾਂ ਬਣ ਗਈਆਂ, ਜਿਨ੍ਹਾਂ ਵਿਚੋਂ 32ਵੀਂ ਜਿਲਦ ਭੂਮਿਕਾ ਦੀ ਸੀ। ਪਟਿਆਲਾ ਰਿਆਸਤ ਦੀ ਇਹ ਬਹੁਤ ਵੱਡੀ ਪ੍ਰਾਪਤੀ ਸੀ, ਕਿਉਂਕਿ ਅੱਜ ਤੱਕ ਕਿਸੇ ਵੀ ਹੋਰ ਰਿਆਸਤ ਨੇ ਸੰਗੀਤ ਵਿਸ਼ੇ ਤੇ ਕਦੀ ਵੀ ਇਤਨਾ ਮਹੱਤਵਪੂਰਣ ਕੰਮ ਨਹੀਂ ਕੀਤਾ ਸੀ। ਗੁਰਮਤਿ ਸੰਗੀਤ ਦਾ ਇਹ ਗ੍ਰੰਥ ਅਜੇ ਤੱਕ ਖਰੜੇ ਦੇ ਰੂਪ ਵਿਚ ਵੀ ਉਪਲੱਬਧ ਹੈ। ਮਹੰਤ ਗੱਜਾ ਸਿੰਘ ਬਜ਼ੁਰਗ ਅਵੱਸਥਾ ਵਿਚ ਪੱਕੇ ਤੌਰ ਤੇ ਪਟਿਆਲਾ ਵਿਚ ਹੀ ਰਹਿਣ ਲਗ ਪਏ ਸਨ। ਪਟਿਆਲਾ ਰਿਆਸਤ ਵੱਲੋਂ ਮਹੰਤ ਗੱਜਾ ਸਿੰਘ ਨੂੰ ਢਾਈ ਸੌ ਰੁਪਿਆ ਵਜੀਫਾ ਦਿੱਤਾ ਜਾਂਦਾ ਸੀ। ਗੁਰਮਤਿ ਸੰਗੀਤ ਦਾ ਇਹ ਮਹਾਨ ਵਿਦਵਾਨ ਅਤੇ ਮਹਾਨ ਤਾਊਸ ਵਾਦਕ ਦਾ ਸੰਨ 1916 ਨੂੰ ਦੇਹਾਂਤ ਹੋ ਗਿਆ।

# ਗੁਰਮਤਿ ਸੰਗੀਤ ਦੀਆਂ ਗਾਇਨ ਸ਼ੈਲੀਆਂ

ਡਾ. ਜਤਿੰਦਰ ਕੌਰ

ਗੁਰਮਤਿ ਦਾ ਸ਼ਾਬਦਿਕ ਅਰਥ ਹੈ; ਗੁਰੂ ਦਾ ਮਤ ਭਾਵ ਗੁਰੂ ਦੁਆਰਾ ਦਿੱਤੀ ਸਿੱਖਿਆ ਜਾਂ ਰਾਹ ਜਿਸ ਉਪਰ ਚਲ ਕੇ ਮਨੁੱਖ ਜ਼ਿੰਦਗੀ ਨੂੰ ਸਫ਼ਲਤਾ ਪੂਰਵਕ ਬਿਤਾ ਸਕਦਾ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਹਨ। ਉਹਨਾਂ ਸਭ ਤੋਂ ਪਹਿਲਾਂ ਰਾਗਾਂ ਵਿਚ ਬਾਣੀ ਰਚ ਕੇ ਸ਼ਬਦ ਦਾ ਸੰਬੰਧ ਸੰਗੀਤ ਨਾਲ ਜੋੜਿਆ। ਬਾਕੀ ਗੁਰੂ ਸਾਹਿਬਾਨ ਨੇ ਵੀ ਇਸੇ ਪੱਥ 'ਤੇ ਚੱਲ ਕੇ ਗੁਰਬਾਣੀ ਨੂੰ ਸੰਗੀਤਕ ਰੰਗਤ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 31 ਰਾਗਾਂ ਵਿਚ ਦਰਜ ਹੈ। ਜਦੋਂ ਸ਼ਬਦ ਨੂੰ ਗਾਇਨ ਰੂਪ ਵਿਚ ਰਾਗ ਅਧੀਨ ਗਾਇਆ ਜਾਂਦਾ ਹੈ ਤਾਂ ਇਸ ਕਿਰਿਆ ਨੂੰ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਉਸ ਗਾਇਨ ਨੂੰ ਆਖਦੇ ਹਨ ਜਿਸ ਵਿੱਚ ਪ੍ਰਮਾਤਮਾ ਦੀ ਭਗਤੀ ਕੀਤੀ ਜਾਂਦੀ ਹੈ, ਉਸ ਦੀ ਉਸਤਤ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਆਦੇਸ਼ ਸੀ ਕਿ ਕੀਰਤਨ ਰਾਗ ਅਤੇ ਲੈਅ ਯੁਕਤ ਹੋਣਾ ਜ਼ਰੂਰੀ ਹੈ। ਕਿਉਂਕਿ ਇਸ ਪ੍ਰਕਾਰ ਦੇ ਕੀਰਤਨ ਵਿੱਚ ਉਚ-ਕੋਟੀ ਦੀ ਲੀਨਤਾ ਦੀ ਸਥਿਤੀ ਪ੍ਰਾਪਤ ਹੁੰਦੀ ਹੈ। ਇਸ ਪ੍ਰਕਾਰ ਆਰੰਭ ਵਿਚ ਰਾਗ ਕਲਾ ਵਿਚ ਕੁਸ਼ਲ ਮਰਾਸੀਆਂ ਦੁਆਰਾ ਹੀ ਕੀਰਤਨ ਦੀ ਪ੍ਰਥਾ ਹੋਂਦ ਵਿਚ ਆਈ ਅਤੇ ਲੋਕ-ਸਮਾਜ ਆਤਮ-ਪ੍ਰੇਰਿਤ ਹੋ ਕੇ ਇਸ ਦਾ ਸ੍ਰਵਣ ਕਰਦਾ ਹੈ। ਇਹ ਪ੍ਰਥਾ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਚਲਦੀ ਰਹੀ ਅਤੇ ਉਹਨਾਂ ਦੇ ਕਾਲ ਵਿਚ ਇਕ ਵਿਸ਼ੇਸ਼ ਘਟਨਾ ਵਾਪਰੀ ਜਿਸ ਦੇ ਪਰਿਣਾਮ ਸਰੂਪ ਉਨ੍ਹਾਂ ਦੇ ਹੱਥੋਂ ਕੀਰਤਨ ਸੰਪਾਦਨ ਦਾ ਏਕਾਧਿਕਾਰ ਖੁੱਸ ਗਿਆ ਅਤੇ ਗੁਰੂ ਜੀ ਦਾ ਆਦੇਸ਼ ਹੋਇਆ ਕਿ ਹੁਣ ਉਹਨਾਂ ਦੇ ਚੇਲੇ ਵੀ ਕੀਰਤਨ ਕਰ ਸਕਦੇ ਹਨ। ਸਿੱਟੇ ਵਜੋਂ ਸਿੱਖ ਸਮਾਜ ਵਿਚ ਸੁਰ ਅਤੇ ਤਾਲ ਦੀ ਸਿਖਿਆ ਪ੍ਰਾਪਤ ਕਰਕੇ ਕੀਰਤਨ ਕਰਨ ਦਾ ਉਤਸ਼ਾਹ ਪ੍ਰਚੱਲਿਤ ਹੋਇਆ ਅਤੇ ਰਾਗ-ਸੰਗੀਤ ਦੇ ਸਨਮਾਨ ਵਿਚ ਹੋਰ ਵਾਧਾ ਹੋਇਆ।[1] ਇਸ ਤਰ੍ਹਾਂ ਗੁਰਮਤਿ ਸੰਗੀਤ ਦਾ ਸਰੂਪ ਉਘੜਵੇਂ ਰੂਪ ਵਿਚ ਵਿਕਸਤ ਹੋਣ ਲੱਗਾ। ਸਿੱਖ-ਮੱਤ ਦਾ ਭਗਤੀ ਸੰਗੀਤ, ਵਿਸ਼ੇਸ਼ ਕਰਕੇ ਉਤਰੀ ਭਾਰਤੀ ਸ਼ਾਸਤਰੀ ਸੰਗੀਤ 'ਤੇ ਹੀ ਆਧਾਰਿਤ ਹੈ ਪਰ ਫਿਰ ਵੀ ਕੀਰਤਨ ਦਰਬਾਰਾਂ ਵਿਚ ਅਕਸਰ ਵੱਖ-ਵੱਖ ਕੀਰਤਨ ਸ਼ੈਲੀਆਂ ਸੁਣਨ ਵਿਚ ਆਉਂਦੀਆਂ ਹਨ। ਪ੍ਰਮੁੱਖ ਰੂਪ 'ਚ ਪ੍ਰਚੱਲਿਤ ਗਾਇਨ ਸ਼ੈਲੀਆਂ ਦਾ ਵਰਗੀਕਰਨ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ-

1) ਸ਼ਾਸਤਰੀ ਸੰਗੀਤ 'ਤੇ ਆਧਾਰਿਤ

2) ਉਪ-ਸ਼ਾਸਤਰੀ ਸੰਗੀਤ 'ਤੇ ਆਧਾਰਿਤ

3) ਲੋਕ ਧੁਨਾਂ 'ਤੇ ਆਧਾਰਿਤ

ਸ਼ੁਰੂ ਤੋਂ ਹੀ ਸਿੱਖ ਗੁਰੂ ਸਾਹਿਬਾਨ ਵਿਚ ਸੰਗੀਤ ਦੀ ਪਰੰਪਰਾ ਰਹੀ ਹੈ। ਵੱਖ-ਵੱਖ ਸਿੱਖ ਗੁਰੂ

ਸਾਹਿਬਾਨ ਦੇ ਵੇਲੇ ਸਿੱਖ ਧਾਰਮਿਕ ਸੰਗੀਤ ਭਾਰਤੀ ਸੰਗੀਤ ਦੀ ਇਕ ਗਾਇਨ ਵਿੱਦਿਆ ਪਦ 'ਤੇ ਆਧਾਰਿਤ ਰਿਹਾ ਹੈ। ਉਨ੍ਹਾਂ ਦਿਨਾਂ 'ਚ ਧਰੁਪਦ ਗਾਇਨ ਸ਼ੈਲੀ ਬਹੁਤ ਪ੍ਰਸਿੱਧ ਸੀ। ਇਸ ਲਈ ਸਿੱਖ ਰਾਗੀ ਰਬਾਬੀਆਂ ਨੇ ਵੀ ਇਸ ਸ਼ੈਲੀ ਨੂੰ ਅਪਣਾਇਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਸੰਗੀਤ-ਰਚਨਾ ਵੀ ਇਨ੍ਹਾਂ ਧਰੁਪਦ ਸ਼ੈਲੀਆਂ ਵਿੱਚ ਕੀਤੀ। ਪਰ ਹੌਲੀ-ਹੌਲੀ ਖਿਆਲ ਗਾਇਕੀ ਦਾ ਵਿਕਾਸ ਹੋਇਆ ਤੇ ਸਿੱਖ ਧਰਮ ਦੇ ਕੀਰਤਨਕਾਰਾਂ ਨੇ ਵੀ ਖਿਆਲ ਗਾਇਕੀ ਨੂੰ ਅਪਨਾ ਲਿਆ। ਰਾਗੀ ਆਪਣੀ ਇੱਛਾ ਅਨੁਸਾਰ ਸ਼ਬਦਾਂ ਨੂੰ ਧਰੁਪਦ ਅਤੇ ਖਿਆਲ ਸ਼ੈਲੀ 'ਤੇ ਗਾਉਣ ਵਾਸਤੇ ਸੁਤੰਤਰ ਹਨ।

ਆਮ ਤੌਰ 'ਤੇ ਅਸੀਂ ਗੁਰਦੁਆਰਿਆਂ ਵਿੱਚ ਵੇਖਦੇ ਹਾਂ ਕਿ ਸੰਗੀਤ ਵਿਚ ਕੁਸ਼ਲ ਰਾਗੀ ਪਹਿਲਾਂ 'ਨਾਮਤੋਮ' ਜਾਂ 'ਆਕਾਰ' ਵਿੱਚ ਰਾਗ ਦਾ ਅਲਾਪ ਕਰਦੇ ਹਨ। ਉਪਰੰਤ ਵਿਲੰਬਤ ਖਿਆਲ ਸ਼ੈਲੀ 'ਤੇ ਗਾਉਂਦੇ ਹੋਏ ਬੋਲ-ਅਲਾਪ, ਬੋਲ, ਤਾਨ, ਗਮਕ, ਸਰਗਮ ਆਦਿ ਦਾ ਪ੍ਰਦਰਸ਼ਨ ਕਰਦੇ ਹਨ। ਇਸ ਤੋਂ ਬਾਅਦ ਉਸੇ ਸ਼ਬਦ ਜਾਂ ਕਿਸੇ ਦੂਜੇ ਸ਼ਬਦ ਨੂੰ ਦ੍ਰਤ ਲੈਅ ਵਿਚ ਗਾਉਂਦੇ ਹੋਏ ਛੋਟੇ ਖਿਆਲ ਦਾ ਰੂਪ ਸ੍ਰੋਤਿਆਂ ਦੇ ਸਾਹਮਣੇ ਰੱਖਦੇ ਹਨ ਜਿਸ ਵਿਚ ਉਹ ਕਈ ਪ੍ਰਕਾਰ ਦੀਆਂ ਤਾਨਾਂ ਅਤੇ ਪਲਟਾਂ ਦਾ ਪ੍ਰਯੋਗ ਕਰਕੇ ਆਪਣੇ ਦ੍ਰਤ ਲੈਅ ਦੇ ਸ਼ਬਦ ਨੂੰ ਸ਼ਿੰਗਾਰਦੇ ਹਨ। ਇਸੇ ਤਰ੍ਹਾਂ ਲੈਅਕਾਰੀ ਦੇ ਚਮਤਕਾਰ ਧਰੁਪਦ-ਧਮਾਰ ਸ਼ੈਲੀ ਵਿਚ ਸ਼ਬਦਾਂ ਨੂੰ ਗਾ ਕੇ ਪ੍ਰਦਰਸ਼ਿਤ ਕਰਦੇ ਹਨ। ਇਸ ਵਿਚ ਸ਼ਾਸਤਰੀ ਸੰਗੀਤ ਦੀ ਤਰ੍ਹਾਂ ਹੀ ਦੋਗੁਣ, ਚੌਗੁਣ, ਆੜ, ਬੁਆੜ ਸਮੂਹ ਪ੍ਰਕਾਰ ਦੀ ਲੈਕਾਰੀ ਦੁਆਰਾ ਆਪਣੀ ਨਿਪੁੰਨਤਾ ਦਾ ਪ੍ਰਦਰਸ਼ਨ ਕਰਨ ਵਿਚ ਰਾਗੀ ਸੁਤੰਤਰ ਹਨ।[2]

ਧਰੁਪਦ-ਧਮਾਰ ਅਤੇ ਖਿਆਲ ਸ਼ੈਲੀ 'ਤੇ ਆਧਾਰਿਤ ਕੀਰਤਨ ਨੂੰ ਸ਼ਬਦ ਰੀਤ ਕਿਹਾ ਜਾਂਦਾ ਹੈ ਜਿਸ ਨੂੰ ਸਿੱਖ ਭਗਤੀ ਸੰਗੀਤ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਰੀਤ ਦਾ ਅਰਥ ਬੰਦਿਸ਼ ਹੁੰਦਾ ਹੈ। ਰੀਤ ਵਿਚ ਰਾਗੀ ਜਥਾ ਅਨੇਕਾਂ ਰਾਗਾਂ ਅਤੇ ਤਾਲਾਂ ਦਾ ਪ੍ਰਯੋਗ ਕਰਦਾ ਹੈ। ਕਹਿਣ ਦਾ ਉਦੇਸ਼ ਇਹ ਹੈ ਕਿ ਇਕ ਹੀ ਰੀਤ ਦੀਆਂ ਵਿਭਿੰਨ ਕੜੀਆਂ ਨੂੰ ਵੱਖ-ਵੱਖ ਰਾਗਾਂ ਵਿਚ ਗਾਇਆ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਇਸੇ ਸ਼ਬਦ ਰੀਤ ਨੂੰ 'ਟਕਸਾਲੀ ਰੀਤ' ਦੇ ਰੂਪ ਵਿਚ ਜਾਣਿਆ ਜਾਂਦਾ ਸੀ। ਇਹ ਪਰੰਪਰਾਗਤ ਰੂਪ ਵਿਚ ਚਲੀ ਆ ਰਹੀ ਹੈ। ਇਹ ਸੂਲਫਾਕ, ਚੌਤਾਲ, ਧਮਾਰ, ਝਪਤਾਲ, ਝੂਮਰਾ, ਆੜਾਚੌਤਾਲ, ਚੰਚਲ (ਦੀਪ ਚੰਦੀ) ਆਦਿ ਤਾਲਾਂ ਵਿਚ ਬੱਧ ਹੁੰਦੀ ਹੈ।

ਇਸ ਕਿਰਿਆ ਨੂੰ 'ਗੁਲਦਸਤਾ' ਆਖਦੇ ਹਨ। ਆਮ ਤੌਰ 'ਤੇ ਇਸ ਨੂੰ ਰਾਗੀ ਕੀਰਤਨ ਦੀ ਸਮਾਪਤੀ ਸਮੇਂ ਪੇਸ਼ ਕਰਦੇ ਹਨ। ਇਸ ਨੂੰ ਕੋਈ ਆਮ ਰਾਗੀ ਜਾਂ ਕੀਰਤਨੀਆਂ ਪ੍ਰਦਰਸ਼ਿਤ ਨਹੀਂ ਕਰ ਸਕਦਾ ਹੈ। ਇਸ ਦਾ ਪ੍ਰਦਰਸ਼ਨ ਕਰਨ ਲਈ ਕੁਸ਼ਲ ਰਾਗੀ ਹੋਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਬਿਨਾਂ ਰੁਕੇ ਰਾਗਾਂ ਵਿਚ ਤਬਦੀਲੀ ਕਰ ਦੇਣਾ ਇਕ ਕੁਸ਼ਲ ਅਤੇ ਉਚ-ਕੋਟੀ ਦੇ ਰਾਗੀ ਦੀ ਹੀ ਸਮਰੱਥਾ ਹੈ।

ਕੀਰਤਨ ਦੀ ਸਮਾਪਤੀ 'ਤੇ ਕਿਸੇ ਅਵਸਰ ਉਤੇ ਸਿੱਖ ਰਾਗੀ ਸ਼ਾਸਤਰੀ ਸੰਗੀਤ ਦੇ ਤਰਾਨੇ ਦੇ ਸਮਾਨ ਇਕ ਬੰਦਿਸ਼ ਦਾ ਗਾਇਨ ਵੀ ਕਰਦੇ ਹਨ। ਇਹ ਬੰਦਿਸ਼ਾਂ 'ਸੰਗੀਤਮਈ ਛੰਦ' ਦੇ ਨਾਂ 'ਤੇ 'ਦਸਮ ਗ੍ਰੰਥ' ਵਿਚ ਸ਼ਾਮਲ ਹਨ। ਇਸ ਵਿਚ ਗੰਭੀਰ ਨਾਦ ਉਤਪੰਨ ਕਰਨ ਵਾਲੇ ਸ਼ਬਦ ਹੁੰਦੇ ਹਨ ਜੋ ਨਗਾਰਿਆਂ ਦੇ ਬੋਲਾਂ ਨਾਲ ਮਿਲਦੇ-ਜੁਲਦੇ ਹਨ।

ਕੀਰਤਨ ਦੀ ਇਕ ਹੋਰ ਸ਼ੈਲੀ 'ਪੜਤਾਲ' ਦੇ ਨਾਂ 'ਤੇ ਗੁਰਦੁਆਰਿਆਂ ਵਿੱਚ ਪ੍ਰਚਲਿਤ ਹੈ, ਜਿਸ ਵਿਚ ਰਾਗ ਤਾਂ ਉਹੀ ਰਹਿੰਦਾ ਹੈ, ਸਿਰਫ਼ ਉਸ ਦੀਆਂ ਤਾਲਾਂ ਤਬਦੀਲ ਹੋ ਜਾਂਦੀਆਂ ਹਨ। ਇਸ ਦਾ ਪ੍ਰਯੋਗ ਵੀ ਕੁਸ਼ਲ ਰਾਗੀਆਂ ਦੁਆਰਾ ਸੰਭਵ ਹੈ। ਸ੍ਰੀ ਗੁਰੂਗ੍ਰੰਥ ਸਾਹਿਬ ਵਿਚ 11 ਰਾਗਾਂ (ਕਾਨੜਾ, ਬਸੰਤ, ਰਾਮਕਲੀ,

ਆਸਾ, ਦੇਵਗੰਧਾਰੀ, ਨਟ ਨਾਰਾਇਣ, ਭੈਰਉ, ਸਾਰੰਗ, ਪ੍ਰਭਾਤੀ, ਮਲਾਰ) ਵਿੱਚ ਪੜਤਾਲਾਂ ਉਪਲਬਧ ਹੁੰਦੀਆਂ ਹਨ।

ਇਥੇ ਇਹ ਦੱਸ ਦੇਣਾ ਜ਼ਰੂਰੀ ਹੋਵੇਗਾ ਕਿ ਸਿੱਖ ਗਾਇਕੀ ਦੀਆਂ ਉਹੀ ਵਿਸ਼ੇਸ਼ਤਾਈਆਂ ਹਨ ਜੋ ਪਟਿਆਲਾ ਘਰਾਣੇ ਵਿਚ ਪਾਈਆਂ ਜਾਂਦੀਆਂ ਹਨ। ਇਹਨਾਂ ਦੀ ਆਵਾਜ਼ਬਣਾਉਣ ਦੀ ਆਪਣੀ ਇਕ ਸੁਤੰਤਰ ਸ਼ੈਲੀ ਹੈ। ਖੁੱਲ੍ਹੀ ਆਵਾਜ਼ ਦਾ ਜ਼ੋਰਦਾਰ ਗਾਇਨ, ਚੰਗੀ ਤਰ੍ਹਾਂ ਸਜੀ ਹੋਈ ਗੀਤ ਦੀ ਛੋਟੀ ਬੰਦਿਸ਼, ਅਲਾਪ ਵਿੱਚ ਛੋਟੀਆਂ-ਛੋਟੀਆਂ, ਸ਼ਕਤੀਸ਼ਾਲੀ ਤਾਨਾਂ ਦਾ ਚਮਤਕਾਰ ਅਤੇ ਕਲਾ ਨੂੰ ਚਮਤਕਾਰੀ ਕਰਨ ਲਈ ਰਾਗ ਦੀ ਸ਼ੁੱਧਤਾ ਨੂੰ ਛੱਡ ਕੇ ਥੋੜ੍ਹੇ ਸਮੇਂ ਵਾਸਤੇ ਸਮ-ਪ੍ਰਕ੍ਰਿਤੀ ਰਾਗਾਂ ਨਾਲ ਸਮ ਅਤੇ ਵਿਖਮ ਰੂਪਾਂ ਵਿੱਚ ਵਾਪਸ ਆਉਂਦੇ ਹਨ ਜਿਸ ਤੋਂ ਪ੍ਰਭਾਵਿਤ ਹੋ ਕੇ ਸ੍ਰੋਤੇ ਮੁਗਧ ਹੋ ਉਠਦੇ ਹਨ। ਇਨ੍ਹਾਂ ਮੁਰਕੀਆਂ, ਸਪਾਟ ਤਾਨਾਂ ਅਤੇ ਗਮਕ ਦੀਆਂ ਤਾਨਾਂ ਦਾ ਇਕ ਖਾਸ ਢੰਗ ਹੁੰਦਾ ਹੈ।[3]

ਉਪ ਸ਼ਾਸਤਰੀ ਸੰਗੀਤ ਤੋਂ ਭਾਵ ਅਜਿਹਾ ਸੰਗੀਤ ਜੋ ਲੋਕਾਂ ਦੀ ਪਸੰਦ ਦਾ ਧਿਆਨ ਰੱਖ ਕੇ ਗਾਉਣਾ ਪੈਂਦਾ ਹੈ। ਕਿਉਂਕਿ ਅਜਿਹਾ ਜ਼ਰੂਰੀ ਨਹੀਂ ਹੈ ਕਿ ਹਰੇਕ ਵਿਅਕਤੀ ਦੀ ਸਮਝ ਵਿਚ ਸ਼ਾਸਤਰੀ ਸੰਗੀਤ ਆ ਜਾਵੇ ਤਾਂ ਅਜਿਹੀ ਅਵਸਥਾ ਵਿੱਚ ਰਾਗੀਆਂ ਨੂੰ ਆਮ ਜਨਤਾ ਦੇ ਸੰਗੀਤ 'ਤੇ ਤਿਆਰ ਕੀਤੀਆਂ ਧੁਨਾਂ ਦਾ ਪ੍ਰਯੋਗ ਕਰਦੇ ਹੋਏ ਸ਼ਬਦ ਗਾਉਣੇ ਪੈਂਦੇ ਹਨ। ਜਿਨ੍ਹਾਂ ਦੇ ਅਧੀਨ ਕੱਵਾਲੀ, ਠੁਮਰੀ, ਗਜ਼ਲ ਦੀਆਂ ਸ਼ੈਲੀਆਂ ਵਿੱਚ ਨਿਬੱਧ ਸ਼ਬਦਾਂ ਦਾ ਗਾਇਨ ਹੈ। ਇਨ੍ਹਾਂ ਗਾਇਨ-ਸ਼ੈਲੀਆਂ ਦੀਆਂ ਕਿਸਮਾਂ ਨੂੰ ਨਿਰਧਾਰਤ ਕਰਕੇ ਲੋਕ ਸਾਜ਼ਾਂ ਜਿਵੇਂ ਖੜਤਾਲ, ਢੋਲ, ਚਿਮਟੇ, ਮੰਜੀਰਾ, ਛੈਣਾ ਆਦਿ ਦੇ ਨਾਲ ਗਾਇਆ ਜਾਂਦਾ ਹੈ।

ਲੋਕ ਧੁਨਾਂ 'ਤੇ ਆਧਾਰਿਤ ਇਕ ਹੋਰ ਕੀਰਤਨ ਸ਼ੈਲੀ ਨੂੰ 'ਵਾਰ' ਆਖਦੇ ਹਨ। ਇਹ ਇਕ ਪ੍ਰਸਿੱਧ ਅਤੇ ਲੋਕਪ੍ਰਿਅ ਗਾਇਨ ਸ਼ੈਲੀ ਹੈ। ਪੰਜਾਬੀ ਸਾਹਿਤ ਵਿਚ 'ਵਾਰ' ਉਸ ਕਵਿਤਾ ਨੂੰ ਆਖਦੇ ਹਨ ਜਿਸ ਵਿਚ ਯੋਧੇ ਦੁਆਰਾ ਜੰਗ ਦੇ ਮੈਦਾਨ ਵਿਚ ਦਿਖਾਈ ਗਈ ਸੂਰਬੀਰਤਾ ਦਾ ਵਰਣਨ ਹੋਵੇ। ਆਮ ਤੌਰ 'ਤੇ ਜੰਗ ਦੇ ਸਮੇਂ ਸੈਨਿਕਾਂ ਨੂੰ ਉਤਸ਼ਾਹਿਤ ਕਰਨ ਲਈ ਵੀਰਤਾ ਨਾਲ ਭਰੇ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਨੂੰ 'ਵਾਰ' ਆਖਦੇ ਹਨ। ਇਸ ਦੀ ਕਵਿਤਾ ਵਿਚ ਵੀਰ ਰਸ ਪ੍ਰਧਾਨ ਹੁੰਦਾ ਹੈ।

ਵਾਰਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਗੁਰੂਸਾਹਿਬਾਨ ਦੇ ਕਾਲ ਵਿੱਚ ਵੀ ਲੋਕ-ਕਾਵਿ ਦੇ ਰੂਪ ਵਿੱਚ ਪ੍ਰਚੱਲਿਤ ਸੀ। ਗੁਰੂ ਗ੍ਰੰਥ ਸਾਹਿਬ ਵਿਚ ਵੀ ਅਨੇਕ ਥਾਵਾਂ 'ਤੇ ਵਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਵਾਰਾਂ ਪਰਮਾਤਮਾ ਦੀ ਉਸਤਤ ਲਈ ਗਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚ ਦੁਨਿਆਵੀ ਲੜਾਈ ਦਾ ਜ਼ਿਕਰ ਨਹੀਂ ਮਿਲਦਾ ਸਗੋਂ ਮਨੁੱਖ ਦੇ ਕਾਮ, ਕ੍ਰੋਧ, ਲੋਭ ਮੋਹ, ਅਹੰਕਾਰ ਆਦਿ ਦੁਸ਼ਮਣਾਂ ਦੇ ਨਾਸ਼ ਕਰਨ ਦਾ ਜ਼ਿਕਰ ਆਉਂਦਾ ਹੈ। ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਤੀ ਭਾਵਨਾ ਦੇ ਲਈ ਪ੍ਰਚੱਲਿਤ ਰਾਗਾਂ ਦਾ ਪ੍ਰਯੋਗ ਕੀਤਾ। ਉਹਨਾਂ ਦੀ ਪਾਲਣਾ ਕਰਦੇ ਹੋਏ ਬਾਕੀ ਗੁਰੂਸਾਹਿਬਾਨ ਨੇ ਵੀ ਰਾਗਾਂ ਵਿਚ ਵਾਰਾਂ ਰਚੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚੀਆਂ ਵਾਰਾਂ ਵਿਚੋਂ ਕੁਝ ਵਾਰਾਂ ਉਨ੍ਹਾਂ ਦੇ ਉਪਰ ਲਿਖੀ ਧੁਨੀ ਸਿਰਲੇਖ ਦੇ ਅਨੁਸਾਰ ਗਾਉਣ ਦਾ ਹੁਕਮ ਹੈ। ਧੁਨੀ ਦਾ ਅਰਥ ਹੈ ਗਾਵੁਣ ਦੀ ਧਾਰਨਾ ਜਾਂ ਗਾਉਣ ਢੰਗ। ਗੁਰਬਾਣੀ ਵਿਚ ਅੰਕਿਤ 22 ਵਾਰਾਂ ਵਿਚੋਂ 9 ਵਾਰਾਂ ਅਜਿਹੀਆਂ ਹਨ ਜਿਨ੍ਹਾਂ ਉਤੇ ਧੁਨੀ ਸਿਰਲੇਖ ਪਾਏ ਜਾਂਦੇ ਹਨ। ਅਸਲ ਵਿਚ ਵਾਰਾਂ ਦੀਆਂ ਲੋਕ-ਧੁਨਾਂ ਦੇ ਆਰੰਭ ਸ਼ੁਧ ਵਾਰਾਂ 'ਤੇ ਲਿਖੇ ਜਿਸ ਦਾ ਉਦੇਸ਼ ਇਹ ਹੈ ਕਿ ਵਾਰ ਉਸ ਦੇ ਉਪਰ ਲਿਖੀ ਹੋਈ ਧੁਨੀ ਦੇ ਅਨੁਸਾਰ ਹੀ ਹੈ। ਇਸ ਗੱਲ ਦੀ ਪੁਸ਼ਟੀ ਭਾਈ ਕਾਨ੍ਹ ਸਿੰਘ ਨਾਭਾ ਕਰਦੇ ਹਨ ਕਿ

''ਸ੍ਰੀ ਗੁਰੂਅਰਜਨ ਦੇਵ ਜੀ ਨੇ ਨੌਂ ਵਾਰਾਂ ਅਜਿਹੀਆਂ ਚੁਣੀਆਂ ਜਿਨ੍ਹਾਂ ਨੂੰ ਗਾਉਣ ਦੀ ਧਾਰਨਾ ਪੁਰਾਣੇ ਜੋਧਿਆਂ ਦੀਆਂ ਵਾਰਾਂ ਦੇ ਅਨੁਸਾਰ ਰਬਾਬੀਆਂ ਨੂੰ ਦੱਸੀ।'' ਸ੍ਰੀ ਗੁਰੂਹਰਿਗੋਬਿੰਦ ਸਾਹਿਬ ਜੀ ਨੇ ਢਾਡੀਆਂ ਤੋਂ ਇਹ ਨੌਂ ਧੁਨਾਂ ਵੀਰ ਰਸ ਦੀ ਪਾਲਣਾ ਲਈ ਗਵਾਈਆਂ ਜੋ ਹੁਣ ਤੱਕ ਟਕਸਾਲੀ ਰਾਗੀ-ਰਬਾਬੀ ਗਾਉਂਦੇ ਹਨ।[4]

ਇਹ ਵਾਰਾਂ ਸਿੱਖ ਸਮਾਗਮਾਂ ਅਤੇ ਕੀਰਤਨ ਦਰਬਾਰਾਂ ਵਿਚ ਗਾਈਆਂ ਜਾਂਦੀਆਂ ਹਨ। ਵਾਰਾਂ ਨੂੰ ਗਾਉਣ ਵਾਲੇ ਨੂੰ 'ਢਾਡੀ' ਆਖਦੇ ਹਨ। ਇਹ ਵਾਰਾਂ ਢੱਡ ਅਤੇ ਸਾਰੰਗੀ ਦਾ ਪ੍ਰਯੋਗ ਕਰਦੇ ਹਨ। ਇਹ ਲੋਕੀ ਲੋਕ-ਧੁਨਾਂ ਵਿਚ ਸ਼ਬਦਾਂ ਨੂੰ, ਵਿਸ਼ੇਸ਼ ਕਰਕੇ ਵਾਰਾਂ ਗਾਉਂਦੇ ਹਨ। ਇਹ ਲੋਕ ਅਕਸਰ ਕਵਿਤਾਵਾਂ ਵੀ ਰਚਦੇ ਅਤੇ ਉਸ ਨੂੰ ਲੋਕ-ਧੁਨਾਂ ਵਿਚ ਪਰੋ ਕੇ ਸੁਣਾਉਂਦੇ ਹਨ। ਇਹ ਕਵਿਤਾਵਾਂ ਵਾਰਾਂ ਦੀ ਹੀ ਤਰ੍ਹਾਂ ਵੀਰ ਰਸ ਵਿਚ ਓਤ-ਪੋਤ ਹੁੰਦੀਆਂ ਹਨ ਅਤੇ ਮੁਖ ਉਤਸਵਾਂ ਜਿਵੇਂ ਗੁਰੂਆਂ ਦੇ ਸ਼ਹੀਦੀ ਦਿਵਸ, ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਅਤੇ ਵੈਸਾਖੀ ਦੇ ਮੌਕੇ 'ਤੇ ਇਸ ਦਾ ਗਾਇਨ ਸੁਣਨ ਵਾਲਿਆਂ ਵਿਚ ਵੀਰ ਰਸ ਦਾ ਸੰਚਾਰ ਹੁੰਦਾ ਹੈ।[5]

ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ ਇਕ ਨੂੰ ਛੱਡ ਕੇ ਬਾਕੀ 21 ਵਾਰਾਂ ਗੁਰੂਸਾਹਿਬਾਨ ਨੇ ਰਚੀਆਂ ਹਨ।[6] ਇਨ੍ਹਾਂ ਵਿਚੋਂ ਇਕ ਵਾਰ ਜੋ ਰਾਗ ਰਾਮਕਲੀ ਵਿਚ ਹੈ, ਸੱਤਾ ਬਲਵੰਡ ਦੀ ਰਚਨਾ ਹੈ। ਇਹ ਉਸ ਵੇਲੇ ਦੇ ਪ੍ਰਸਿੱਧ ਟਕਸਾਲੀ ਰਬਾਬੀ ਸਨ। ਲੋਕ ਧੁਨਾਂ 'ਤੇ ਆਧਾਰਿਤ ਕੀਰਤਨ ਗਾਇਨ ਦਾ ਇਕ ਹੋਰ ਢੰਗ ਵੀ ਪ੍ਰਚੱਲਿਤ ਹੈ ਜਿਸ ਵਿਚ ਸੰਗਤ ਵੀ ਭਾਗ ਲੈਂਦੀ ਹੈ। ਇਸ ਤਰ੍ਹਾਂ ਦੇ ਕੀਰਤਨ ਨੂੰ 'ਜੋੜੀਆਂ ਦੇ ਸ਼ਬਦ' ਕਿਹਾ ਜਾਂਦਾ ਹੈ। ਇਹ ਪਰੰਪਰਾਗਤ ਰੂਪ ਵਿਚ ਲੋਕ ਸੰਗੀਤ ਅਤੇ ਪੁਰਾਤਨ ਧਾਰਨਾ (ਤਰਜ਼) 'ਤੇ ਆਧਾਰਿਤ ਹੁੰਦੀ ਹੈ ਅਤੇ ਸਦੀਆਂ ਤੋਂ ਇਸੇ ਰੂਪ ਵਿਚ ਚਲੀ ਆ ਰਹੀ ਹੈ। ਇਸ ਤਰ੍ਹਾਂ ਦਾ ਕੀਰਤਨ ਬਹੁਤ ਆਸਾਨ ਹੁੰਦਾ ਹੈ। ਹਰੇਕ ਸ਼ਬਦ ਵਿਚ ਪਹਿਲਾਂ ਸਥਾਈ ਹੁੰਦੀ ਹੈ ਜਿਸ ਨੂੰ ਰਾਗੀ ਖੁਦ ਗਾਉਂਦਾ ਹੈ। ਬਾਕੀ ਸਾਰੀ ਸੰਗਤ ਰਲ ਕੇ ਉਸੇ ਤੁਕ ਨੂੰ ਦੁਹਰਾਉਂਦੀ ਹੈ। ਦੁਬਾਰਾ ਫਿਰ ਅਗਲੀ ਲਾਈਨ ਗਾਉਂਦੇ ਹਨ ਅਤੇ ਸੰਗਤ ਉਸ ਦੇ ਪਿੱਛੇ-ਪਿੱਛੇ ਗਾਉਂਦੀ ਹੈ। ਇਸ ਕੀਰਤਨ ਸ਼ੈਲੀ ਵਿਚ ਪੜਤਾਲ, ਢੋਲ, ਚਿਮਟਾ, ਮੰਜੀਰਾ ਅਤੇ ਛੈਣੇ ਆਦਿ ਸਾਜ਼ਾਂ ਦਾ ਪ੍ਰਯੋਕ ਗੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਸ਼ਬਦਾਂ ਦਾ ਗਾਇਨ ਗੁਰਦੁਆਰਿਆਂ ਵਿਚ ਗੁਰੂ ਸਾਹਿਬਾਨ ਦੇ ਪੁਰਬਾਂ ਦੇ ਮੌਕੇ 'ਤੇ ਕੀਤਾ ਜਾਂਦਾ ਹੈ। ਸ਼ਹਿਰਾਂ ਵਿਚ ਵੱਡੇ-ਵੱਡੇ ਨਗਰ ਕੀਰਤਨ ਅਤੇ ਪ੍ਰਭਾਤ ਫੇਰੀਆਂ ਦੇ ਮੌਕੇ 'ਤੇ ਇੰਝ ਕੀਰਤਨ ਹੁੰਦਾ ਹੈ। ਇਨ੍ਹਾਂ ਮੌਕਿਆਂ 'ਤੇ ਇਸ ਤਰ੍ਹਾਂ ਦਾ ਕੀਰਤਨ ਜਨ ਸਾਧਾਰਣ ਨੂੰ ਆਤਮਕ ਪ੍ਰਸੰਨਤਾ ਪ੍ਰਦਾਨ ਕਰਦਾ ਹੈ।

ਇਸ ਪ੍ਰਕਾਰ ਦੇ ਸ਼ਬਦਾਂ ਦਾ ਗਾਇਨ ਔਰਤਾਂ ਵੀ ਕਰਤੀਆਂ ਹਨ। ਸਿੱਖ ਧਰਮ ਵਿੱਚ ਜਿਸ ਪ੍ਰਕਾਰ ਆਦਮੀ ਗਾਇਕ ਹੁੰਦੇ ਹਨ ਉਸੇ ਤਰ੍ਹਾਂ ਔਰਤਾਂ ਨੂੰ ਸ਼ਬਦ ਗਾਇਨ ਦੀ ਪੂਰੀ ਆਜ਼ਾਦੀ ਹੈ। ਇਹ ਇਕੱਠ ਰੂਪ ਵਿਚ ਕੀਰਤਨ ਗਾਇਨ ਅਤੇ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਪਾਠ ਵਿਚ ਭਾਗ ਲੈਂਦੀਆਂ ਹਨ। ਗੁਰਦੁਆਰਿਆਂ ਵਿਚ ਔਰਤਾਂ ਦੇ ਵਿਸ਼ੇਸ਼ ਦੀਵਾਨ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਸ ਨੂੰ ਔਰਤ ਸਤਿਸੰਗ ਕਿਹਾ ਜਾਂਦਾ ਸੀ। ਗੁਰਦੁਆਰਿਆਂ ਵਿਚ ਬਾਲ ਦੀਵਾਨ ਵੀ ਹੁੰਦੇ ਹਨ, ਜਿਨ੍ਹਾਂ ਵਿਚ ਛੋਟੇ-ਛੋਟੇ ਬੱਚਿਆਂ ਨੂੰ ਕੀਰਤਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਿੱਖ ਸ਼ਬਦ ਕੀਰਤਨ ਸੰਗੀਤ ਦੀ ਰੁਚੀ ਰੱਖਣ ਵਾਲੇ ਪ੍ਰਸ਼ੰਸਕਾਂ ਦੀ ਰੁਚੀ ਨੂੰ ਸੰਤੁਸ਼ਟ ਕਰਦਾ ਹੈ। ਇਹ ਸ਼ਾਸਤਰੀ ਸੰਗੀਤ ਦੇ ਅਨੁਭਵੀ ਵਿਅਕਤੀ ਦੀਆਂ ਵੱਖ-ਵੱਖ ਰਾਗਾਂ ਅਤੇ ਪ੍ਰਚਲਨ ਵਿਚ ਆਏ ਹੋਏ ਤਾਲਾਂ ਵਿਚ ਨਿਬੰਧ ਸ਼ਬਦ ਰੀਤਾਂ ਦੇ ਜ਼ਰੀਏ ਆਨੰਦ ਪ੍ਰਦਾਨ ਕਰਦਾ ਹੈ। ਉਪ-

ਸ਼ਾਸਤਰੀ ਸੰਗੀਤ ਵਿਚ ਰੁਝਾਨ ਰੱਖਣ ਵਾਲੇ ਪ੍ਰਸ਼ੰਸਕ ਲਈ ਕਵਾਲੀ, ਗਜ਼ਲ ਆਦਿ ਸ਼ੈਲੀਆਂ 'ਤੇ ਆਧਾਰਿਤ ਕੀਰਤਨ ਸੰਗੀਤ ਉਪਲਬਧ ਕਰਾਉਂਦੀ ਹੋਈ ਉਸਨੂੰ ਆਤਮ-ਵਿਭੋਰ ਕਰਦੀ ਹੈ। ਜੋ ਲੋਕੀ 'ਲੋਕ-ਧੁਨ' ਵਿਚ ਕੀਰਤਨ ਸੁਣਨਾ ਚਾਹੁੰਦੇ ਹਨ, ਉਸਨੂੰ ਉਹ 'ਜਟੀਆਂ ਦੇ ਸ਼ਬਦ' ਆਦਿ ਸੁਣਾ ਕੇ ਸੰਤੁਸ਼ਟ ਕਰਦੇ ਹਨ। ਇਸ ਪ੍ਰਕਾਰ ਸਿੱਧ ਧਰਮ ਸੰਗੀਤ ਵਿਚ ਇਨ੍ਹਾਂ ਤਿੰਨਾਂ ਸ਼ੈਲੀਆਂ ਦੀ ਵਿਸ਼ੇਸ਼ ਥਾਂ ਹੈ।

ਹਵਾਲੇ ਤੇ ਟਿੱਪਣੀਆਂ

1. ਡਾ. ਗੀਤਾ ਪੇਂਟਲ, ਪੰਜਾਬ ਦੀ ਸੰਗੀਤ ਪਰੰਪਰਾ, ਪੰਨਾ 110
2. ਡਾ. ਅਜੀਤ ਸਿੰਘ ਪੇਂਟਲ, ਸਿੱਖ ਗੁਰਦੁਆਰੇ ਕੇ ਹਰਿ ਕੀਰਤਨ ਮੇਂ ਸ਼ਾਸਤਰੀ ਸੰਗੀਤ ਕੀ ਪਰੰਪਰਾ, ਪੰਨਾ 52
3. ਉਹੀ, ਪੰਨਾ 53
4. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 50
5. ਡਾ. ਅਜੀਤ ਸਿੰਘ ਪੇਂਟਲ, ਸਿੱਖ ਗੁਰਦੁਆਰੇ ਕੇ ਹਰਿ ਕੀਰਤਨ ਮੇਂ ਸ਼ਾਸਤਰੀ ਸੰਗੀਤ ਕੀ ਪਰੰਪਰਾ, ਪੰਨਾ 55
6. ਸੱਤਾ ਬਲਵੰਡ ਨੇ ਇਕ ਵਾਰ, ਗੁਰੂਨਾਨਕ ਦੇਵ ਜੀ ਨੇ ਤਿੰਨ ਵਾਰਾਂ, ਸ੍ਰੀ ਗੁਰੂਅਮਰਦਾਸ ਨੇ ਚਾਰ ਵਾਰਾਂ, ਗੁਰੂ ਰਾਮਦਾਸ ਜੀ ਨੇ ਅੱਠ ਵਾਰਾਂ ਅਤੇ ਸ੍ਰੀ ਗੁਰੂਅਰਜਨ ਦੇਵ ਜੀ ਨੇ ਛੇ ਵਾਰਾਂ ਦੀ ਰਚਨਾ ਕੀਤੀ।

ਮੁੱਖੀ, ਸੰਗੀਤ ਵਿਭਾਗ ਗਾਇਨ, ਖਾਲਸਾ ਕਾਲਜ ਫਾਰ ਵਿਮੈਨ, ਅੰਮ੍ਰਿਤਸਰ।



**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਇੰਦੋਰ ਤੋਂ ਬਾਅਦ ਇਹ ਸਾਰਾ ਕਾਫਲਾ 9 ਅਪ੍ਰੈਲ 94 ਨੂੰ ਗੁਰਦੁਆਰਾ ਬੜਾ ਸਿੱਖ ਸੰਗਾਤ ਕਲਕੱਤਾ ਪਹੁੰਚ ਗਿਆ। ਰਤਨ ਜੀ ਇਸ ਵਾਰ ਪੰਜਵੀਂ ਵਾਰ ਕਲਕੱਤੇ ਪਹੁੰਚੇ ਸਨ। 9 ਅਪਰੈਲ ਸ਼ਾਮ ਤੋਂ ਲੈ ਕੇ 13 ਅਪਰੈਲ ਵੈਸਾਖੀ ਗੁਰਪੁਰਬ ਦੇ ਪ੍ਰੋਗਰਾਮ ਨਿਭਾਏ। ਉਸ ਤੋਂ ਬਾਅਦ ਗੁਰਦੁਆਰਾ ਸਦਰ ਬਾਜ਼ਾਰ ਲਖਨਊ ਦੀ ਸਭਾ ਨੇ ਰਤਨ ਜੀ ਦਾ ਵੈਸਾਖੀ ਦਾ ਪ੍ਰੋਗਰਾਮ ਬੁੱਕ ਕੀਤਾ ਹੋਇਆ ਸੀ, ਕਿਉਂਕਿ ਇਸ ਗੁਰਦੁਆਰੇ ਵਾਲੇ ਹਰ ਗੁਰਪੁਰਬ ਬਾਅਦਵਿਚ ਮਨਾਉਂਦੇ ਹਨ, ਤਾਂ ਸਾਡਾ ਜੱਥਾ ਪਹੁੰਚ ਗਿਆ। ਸੋ 15 ਅਪਰੈਲ ਤੋਂ 17 ਅਪਰੈਲ ਤਕ ਲਖਨਊ ਵਿਖੇ ਵੈਸਾਖੀ ਪੁਰਬ ਨਿਭਾਇਆ ਅਤੇ 20 ਅਪਰੈਲ ਨੂੰ ਰਤਨ ਜੀ ਆਪਣੇ ਘਰ ਲੁਧਿਆਣੇ ਪਹੁੰਚ ਗਏ ਤੇ 20 ਅਪਰੈਲ 1994 ਤੋਂ ਲੈ ਕੇ 1 ਮਾਰਚ 1995 ਤਕ ਤਕਰੀਬਨ 1 ਸਾਲ ਸਾਡਾ ਸੰਪਰਕ ਟੁੱਟਿਆ ਰਿਹਾ। ਕਿਉਂਕਿ ਰਤਨ ਜੀ ਲੁਧਿਆਣੇ ਗੁਰਦੁਆਰਾ ਗੁਰੂ ਅਰਜਨ ਦੇਵ ਸਮਰਾਲਾ ਚੌਕ ਲੁਧਿਆਣਾ ਵਿਖੇ ਪੱਕੀ ਡਿਊਟੀ ਕੀਰਤਨ ਦੀ ਕਰ ਲਈ। ਪਿਛਲਾ ਪਾਸਪੋਰਟ ਜਿਸ ਤੇ ਆਪ ਜੀ ਥਾਈਲੈਂਡ ਤੇ ਸਿੰਘਾਪੁਰ ਗਏ ਸੀ, ਉਸ ਦੀ ਮਿਆਦ ਖਤਮ ਹੋ ਗਈ ਸੀ ਤੇ ਆਪ ਜੀ ਨੇ ਲੁਧਿਆਣੇ ਆ ਕੇ ਨਵਾਂ ਪਾਸਪੋਰਟ ਅਪਲਾਈ ਕੀਤਾ ਹੋਇਆ। ਸੋ ਉਹ ਨਵਾਂ ਪਾਸਪੋਰਟ 15 ਜੂਨ ਨੂੰ ਆਪ ਜੀ ਦੇ ਘਰ ਆ ਗਿਆ। ਆਪ ਜੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਤੇ ਗੁਰਦੁਆਰਾ ਸਿੰਘ ਸਭਾ ਅਲਾਹਾਬਾਦ ਸੰਗਤਾਂ ਦੇ ਸੱਦੇ 'ਤੇ ਕੀਰਤਨ ਸੁਣਾ ਕੇ ਨਿਹਾਲ ਕਰ ਕੇ ਆਏ। ਆਪ ਜੀ ਲੁਧਿਆਣੇ ਕੀਰਤਨ ਦੀ ਸੇਵਾ ਕਰ ਹੀ ਰਹੇ ਸਨ ਕਿ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਪਹਿਲੀ ਕਰਨਾਲ ਵਾਲਿਆਂ ਨੂੰ ਰਾਗੀ ਜੱਥੇ ਦੀ ਲੋੜ ਪੈ ਗਈ। ਕਿਸੇ ਨੇ ਪ੍ਰਬੰਧਕਾਂ ਨੂੰ ਰਤਨ ਜੀ ਬਾਰੇ ਦਸ ਪਾ ਦਿੱਤੀ, ਇਹ ਜੱਥਾ ਬਹੁਤ ਵਧੀਆ ਕੀਰਤਨ ਕਰਦਾ ਹੈ ਤੇ ਹੋਇਆ ਇਹ ਕਿ 27 ਅਗਸਤ 94 ਨੂੰ ਗੁਰਦੁਆਰਾ ਮੰਜੀ ਸਾਹਿਬ ਕਰਨਾਲ ਦੇ ਪ੍ਰਬੰਧਕ ਸੱਜਣ ਆਪ ਨੂੰ ਮਿਲਣ ਲਈ ਲੁਧਿਆਣੇ ਇਹਨਾਂ ਦੇ ਘਰ ਆ ਗਏ। ਹਾਲਾਂ ਕਿ ਰਤਨ ਜੀ ਦਾ ਮਨ ਨਹੀਂ ਸੀ ਲੁਧਿਆਣਾ ਛੱਡਣ ਦਾ, ਪਰ ਉਹਨਾਂ ਨੇ ਪੂਰਾ ਜ਼ੋਰ ਦੇ ਕੇ ਰਤਨ ਜੀ ਨੂੰ ਕਰਨਾਲ ਵਿਖੇ ਕੀਰਤਨ ਦੀ ਸੇਵਾ ਲਈ ਮਨਾ ਲਿਆ ਅਤੇ ਰਤਨ ਜੀ ਨੇ ਜੋ ਜੋ ਵੀ ਮੰਗ ਜਾਂ ਸ਼ਰਤ ਰੱਖੀ, ਉਹ ਉਹਨਾਂ ਨੇ ਸਾਰੀਆਂ ਮੰਨ ਲਈਆਂ। ਰਤਨ ਜੀ ਨਿਰਉੱਤਰ ਹੋ ਗਏ। ਰਤਨ ਜੀ ਨੇ 10 ਸਤੰਬਰ 94 ਨੂੰ ਲੁਧਿਆਣੇ ਤੋਂ ਸੇਵਾ ਛੱਡ ਕੇ ਤੇ 11 ਸਤੰਬਰ ਨੂੰ ਕਰਨਾਲ ਵਿਖੇ ਡੀਊਟੀ ਸ਼ੁਰੂ ਕਰ ਲਈ। ਲੁਧਿਆਣੇ ਦੇ ਪ੍ਰਬੰਧਕ ਵੀ ਆਪ ਜੀ ਨੂੰ ਛੱਡਣਾ ਨਹੀਪਂ ਸਨ ਚਾਹੁੰਦੇ, ਪਰ ਰਤਨ ਜੀ ਨੇ ਬੇਨਤੀ ਕਰ ਕੇ ਉਹਨਾਂ ਨੂੰ ਮਨਾ ਲਿਆ।

ਹੁਣ ਇਸ ਤੋਂ ਅਗਲਾ ਹਾਲ ਮੈਂ ਰਤਨ ਜੀ ਦਾ ਬਾਅਦ ਵਿਚ ਲਿਖਾਂਗਾ, ਇਸ ਤੋਂ ਪਹਿਲੇ ਮੈਂ ਰਤਨ ਜੀ ਦੇ ਮੁੱਢਲੇ ਜੀਵਨ ਤੇ ਥੋੜ੍ਹੀ ਝਾਤ ਮਾਰੀਏ, ਇਹਨਾਂ ਪਿਛੋਕੜ ਜਨਮ ਬਾਰੇ ਮੈਂ ਕੁਛ ਲਿਖ ਲਵਾਂ, ਇਹਨਾਂ ਦਾ ਪਿਛਲਾ ਜੀਵਨ ਸੰਨ 1994 ਤਕ ਦਾ ਪਹਿਲੇ ਲਿਖ ਕੇ ਫਿਰ ਅੱਗੇ ਚੱਲਾਂਗੇ।

ਭਾਈ ਕਰਮ ਸਿੰਘ ਰਤਨ ਜੀ ਦੇ ਪਿਤਾ ਜੀ ਦੇ ਦੋ ਨਾਮ ਸਨ, ਘਰ ਦਾ ਨਾਮ ਜੋ ਉਹਨਾਂ ਦੇ ਪਿਤਾ ਸ: ਹਾਕਮ ਸਿੰਘ ਜੀ ਨੇ ਰੱਖਿਆ ਸੀ, ਉਹ ਨਾਮ ਸੀ ਈਸ਼ਰ ਸਿੰਘ ਅਤੇ ਆਪ ਜੀ ਨੇ ਵੱਡੇ ਹੋ ਕੇ ਬੁੱਢਾ ਦਲ ਪੰਜਵਾਂ ਤਖਤ ਪਾਸੋਂ ਅੰਮ੍ਰਿਤ ਛਕਿਆ ਸੀ, ਸੋ ਅੰਮ੍ਰਿਤ ਛਕਣ ਵੇਲੇ ਪੰਜ ਪਿਆਰਿਆਂ ਨੇ, ਇਹਨਾਂ ਦਾ ਨਾਮ ਰਣਜੀਤ ਸਿੰਘ ਰੱਖ ਦਿੱਤਾ ਸੀ। ਇਸ ਲਈ ਰਤਨ ਜੀ ਦਾ ਦਾਦਕਾ ਪਰਿਵਾਰ, ਇਹਨਾਂ ਦੇ ਪਿਤਾ ਜੀ ਨੂੰ ਈਸ਼ਰ ਸਿੰਘ ਕਹਿ ਕੇ ਬੁਲਾਉਂਦਾ ਸੀ, ਪਰ ਜਿਹੜਾ ਰਤਨ ਜੀ ਦਾ ਨਾਨਕਾ ਪਰਿਵਾਰ ਸੀ, ਉਹ ਇਹਨਾਂ ਨੂੰ ਰਣਜੀਤ ਸਿੰਘ ਕਹਿ ਕੇ ਹੀ ਬੁਲਾਉਂਦੇ ਸਨ। ਇਸ ਲਈ ਉਹਨਾਂ ਦੇ ਦੋ ਹੀ ਨਾਮ ਪ੍ਰਚਲਤ ਸਨ, ਵੈਸੇ ਸਰਕਾਰੀ ਕਾਗਜ਼ਾਂ ਵਿਚ ਤੇ ਜਾਇਦਾਦ ਦੇ ਕਾਗਜ਼ਾਂ ਵਿਚ ਈਸ਼ਰ ਸਿੰਘ ਨਾਮ ਹੀ ਚਲਦਾ ਸੀ, ਸੋ ਭਾਈ ਰਣਜੀਤ ਸਿੰਘ ਜੀ ਦੇ ਘਰ ਮਾਤਾ ਅੰਮ੍ਰਿਤ ਕੌਰ ਦੀ ਕੁੱਖ ਤੋਂ ਭਾਈ ਕਰਮ ਸਿੰਘ ਰਤਨ ਜੀ ਦਾ ਜਨਮ 27 ਤੋਂ 28 ਦਸੰਬਰ 1937 ਦੀ ਅੱਧੀ ਰਾਤ ਨੂੰ ਯਾਨੀ ਰਾਤ ਨੂੰ ਪੂਰੇ 12 ਵਜੇ ਹੋਇਆ। ਇਹਨਾਂ ਦਾ ਜਨਮ ਆਪਣੇ ਨਾਨਕੇ ਘਰ ਪਿੰਡ ਜਫਪੁਰ ਚੱਕ ਨੰ: 264, ਨੇੜੇ ਗੋਜਰਾ ਮੰਡੀ ਜ਼ਿਲਾ ਲਾਇਲਪੁਰ ਪਾਕਿਸਤਾਨ ਵਿਚ ਹੋਇਆ ਸੀ। ਵੈਸੇ ਇਹਨਾਂ ਦੇ ਪਿਤਾ ਦਾ ਪਿੰਡ ਚੱਕ ਨੰ: 485 ਤਸ਼ਲ ਸ਼ੋਕੋਟ ਜ਼ਿਲ੍ਹਾ ਝੰਗ ਵਿਚ ਸੀ, ਜਿੱਥੇ ਇਹਨਾਂ ਦੇ ਪੁਰਖਿਆਂ ਦੀ ਜ਼ਮੀਨ ਜਾਇਦਾਦ ਸੀ, ਅਤੇ ਇਹਨਾਂ ਦੇ ਪਿਤਾ ਪੁਰਖੀ ਸਭ ਖੇਤੀ ਬਾੜੀ ਕਰਦੇ ਸਨ। ਗੁਰੂ ਕੀਰਤਨ ਵੀ ਕਰਦੇ ਸਨ ਜਿਸ ਸਮੇਂ ਰਤਨ ਜੀ ਦਾ ਜਨਮ ਹੋਇਆ, ਉਸ ਸਮੇਂ ਇਹਨਾਂ ਦੇ ਨਾਨਕੇ ਪਿੰਡ ਦੇ ਨੇੜੇ ਹੀ ਇਕ ਪਿੰਡ ਸੀ ਸਾਰੰਝੀਆਂ। ਇਸ ਪਿੰਡ ਇਹਨਾਂ ਦੇ ਪਿਤਾ ਜੀ ਗ੍ਰੰਥੀ ਦੀ ਸੇਵਾ ਗੁਰਦੁਆਰੇ ਕਰਦੇ ਸਨ, ਤਾਂ ਜਦੋਂ ਰਤਨ ਜੀ ਦੇ ਜਨਮ ਬਾਰੇ ਇਹਨਾਂ ਦੇ ਪਿਤਾ ਜੀ ਨੂੰ ਖਬਰ ਪਹੁੰਚੀ ਤਾਂ ਉਹਨਾਂ ਨੇ ਸਵੇਰੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਵਾਲੇ ਜੋ ਵਾਕ ਆਇਆ (ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟਹਿ) ਤੇ ਇਸ ਵਾਕ ਦੇ ਪਹਿਲੇ ਅਖਰ ਤੋਂ ਲੈ ਕੇ ਕਰਮ ਸਿੰਘ ਨਾਮ ਰੱਖ ਦਿੱਤਾ (ਬਾਕੀ 'ਰਤਨ' ਜਿਹੜਾ ਉਪਨਾਮ ਹੈ, ਆਪ ਜੀ ਦਾ, ਇਹ ਨਾਮ, ਸਹਾਰਨਪੁਰ ਗੁਰਦੁਆਰਾ ਸਾਹਿਬ ਸਭਾ ਵਿਖੇ, ਸੰਨ 1971 ਵਿਚ ਦਸਮ ਪਾਤਸ਼ਾਹ ਜੀ ਦੇ ਗੁਰਪੁਰਬ ਵਾਲੇ ਦਿਨ ਰਾਤ ਨੂੰ ਸਹਾਰਨਪੁਰ ਦੀ ਸੰਗਤ ਨੇ ਰੱਖਿਆ ਸੀ। ਲੇਖ ਦੇ ਸ਼ੁਰੂ ਤੇ ਮੈਂ ਲਿਖਿਆ ਸੀ ਕਿ ਆਪ ਜੀ ਕਵੀ ਵੀ ਤੇ ਸ਼ਾਇਰ ਵੀ ਹਨ ਅਤੇ ਆਪ ਜੀ ਨੇ ਕੁਛ ਪੰਗਤੀਆਂ ਆਪਣੇ ਜਨਮ ਬਾਰੇ ਵੀ ਲਿਖੀਆਂ ਹਨ। ਇਹ ਪੰਗਤੀਆਂ ਉਹਨਾਂ ਨੇ ਮਜ਼ਾਕੀਆ ਲਹਿਜੇ ਵਿਚ, ਉਲਟੀ ਸੋਚ ਦੇ ਢੰਗ ਨਾਲ ਲਿਖੀਆਂ ਹਨ।ਆਪ ਜੀ ਲਿਖਦੇ ਹਨ

ਪਤਾ ਨਹੀਂ ਕੀ ਹੋਈ ਭੁੱਲ ਮੇਰੇ ਕੋਲੋਂ ਉਸ ਵੇਲੇ, ਜਿਸ ਵੇਲੇ ਰੱਬ ਨੇ ਧਰਤੀ ਤੇ ਧੱਕਾ ਮਾਰਿਆ।
ਮਗਰੋਂ ਮੈਨੂੰ ਲਾਹੁਣ ਲਈ, ਐਵੇਂ ਮਿੱਟੀ ਜਿਹੀ ਥਪ ਦਿੱਤੀ ਤੇ ਬੁੱਤ ਜਿਹਾ ਬਣਾ ਕੇ, ਬੁੱਤਾ ਸੀ ਸਵਾਰਿਆ।
ਏਨੀ ਕਾਹਲੀ ਕੀਤੀ ਰੱਬ, ਧਰਤੀ ਉੱਤੇ ਸੁੱਟਣ ਲਈ, ਅੱਧੀ ਰਾਤ ਨੂੰ ਹੀ ਮੈਨੂੰ ਉੱਤੋਂ ਧੱਕਾ ਮਾਰਿਆ।
ਸਤਾਈ ਤੇ ਅਠਾਈ ਦੀ ਅੱਧੀ ਰਾਤ ਹੋਈ ਸੀ, ਦਿਨ ਵੀ ਨਹੀਂ ਚੜ੍ਹਨ ਦਿੱਤਾ ਜਦੋਂ ਮੈਨੂੰ ਧੱਕਾ ਮਾਰਿਆ।
ਦਸੰਬਰ ਦਾ ਮਹੀਨਾ ਤੇ ਸੰਨ ਉਨੀ ਸੈਂਤੀ ਹੈ ਸੀ, ਠੰਢ ਦੀ ਹੀ ਰੁੱਤ ਵਿਚ, ਧਰਤੀ 'ਤੇ ਉਤਾਰਿਆ।
ਪਤਾ ਨਹੀਂ ਕੀ? ਪਾਪ ਕੀਤੇ ਅਸੀਂ ਪਿਛਲੇ ਜਨਮ ਵਿਚ, ਜੋ ਏਨੇ ਗੁੱਸੇ ਵਿਚ ਮੈਨੂੰ ਸਵਰਗ 'ਚੋਂ ਉਤਾਰਿਆ।
ਡਿੱਗਿਆ ਮੈਂ ਉੱਤੋਂ ਆਪਣੇ ਨਾਨਕੇ ਦੇ ਵਿਹੜੇ ਵਿਚ, ਪਿਤਾ ਰਣਜੀਤ ਘਰ ਵਿਚ ਪਾਪੀ ਸੀ ਉਤਾਰਿਆ।
ਲੋਕਾਂ ਅੱਗੇ ਗਾਅ ਗਾਅ ਰੋਟੀਆਂ ਤੂੰ ਮੰਗਦਾ ਰਹੀਂ, ਇਹ ਹੁਕਮ ਦੇ ਰਬ, ਸਵਰਗ 'ਚੋਂ ਉਤਾਰਿਆ।

ਸੰਨ 1943 ਵਿਚ ਭਾਈ ਕਰਮ ਸਿੰਘ ਜੀ ਦੇ ਪਿਤਾ ਜੀ ਨੂੰ ਗੁਰਦੁਆਰਾ ਸਿੰਘ ਸਭਾ, ਪੀਰ ਮਹਲ ਸ਼ਹਿਰ

ਵਿਖੇ ਗ੍ਰੰਥੀ ਦੀ ਸੇਵਾ ਮਿਲ ਗਈ ਅਤੇ ਆਪ ਜੀ ਪਰਿਵਾਰ ਸਮੇਤ , ਪੀਰ ਮਹਲ ਆ ਗਏ। ਸੰਨ 1944 ਵਿਚ ਗਿਆਨੀ ਈਸ਼ਰ ਸਿੰਘ ਦੇ ਘਰ ਬੇਟੀ ਦਾ ਜਨਮ ਲਿਆ, ਜਿਸ ਦਾ ਨਾਮ ਗਿਆਨ ਕੌਰ ਰੱਖਿਆ ਗਿਆ। ਸੰਨ 1945 ਵਿਚ ਭਾਈ ਕਰਮ ਸਿੰਘ ਜੀ ਨੂੰ ਪਿਤਾ ਜੀ ਨੇ ਸਕੂਲ ਵਿਚ ਪੜ੍ਹਨੇ ਪਾ ਦਿੱਤਾ। ਸੰਨ 1946 ਵਿਚ ਦੇਸ਼ ਵੰਡ ਦਾ ਰੌਲਾ ਪੈ ਚੁੱਕਾ ਸੀ, ਸੋ ਸੰਨ 1946 ਵਿਚ ਪਿਤਾ ਜੀ ਨੇ ਭਾਈ ਕਰਮ ਸਿੰਘ ਜੀ ਨੂੰ ਦੂਜੀ ਕਲਾਸ ਵਿਚੋਂ ਸਕੂਲ ਤੋਂ ਛੁਡਾ ਕੇ, ਪੀਰ ਮਹਿਲ ਤੋਂ ਨੌਕਰੀ ਛੱਡ ਕੇ ਗੋਜਰਾ ਮੰਡੀ ਸ਼ਹਿਰ ਵਿਚ ਆ ਕੇ ਮਕਾਨ ਲੈ ਲਿਆ ਤੇ ਉਥੇ ਰਹਿਣ ਲੱਗ ਪਏ। ਸੰਨ 1947 ਵਿਚ ਪਾਕਿਸਤਾਨ ਬਣ ਗਿਆ। ਦੇਸ਼ ਵੰਡ ਹੋ ਗਈ ਅਤੇ ਆਪ ਜੀ ਦਾ ਸਾਰਾ ਪਰਿਵਾਰ ਹਿੰਦੁਸਤਾਨ ਆ ਗਿਆ ਅਤੇ ਪੀਰ ਮਹਿਲ ਰਹਿਣ ਵੇਲੇ ਪਿਤਾ ਜੀ ਨੇ ਪੜ੍ਹਾਈ ਦੇ ਨਾਲ ਨਾਲ ਕਰਮ ਸਿੰਘ ਜੀ ਨੂੰ ਤਬਲਾ ਸਿਖਾਣਾ ਵੀ ਸ਼ੁਰੂ ਕਰ ਦਿੱਤਾ ਸੀ। ਜਦੋਂ ਪਰਿਵਾਰ ਪਾਕਿਸਤਾਨ ਤੋਂ ਛੱਡ ਕੇ ਅੰਮ੍ਰਿਤਸਰ ਆ ਗਏ। ਆਪ ਜੀ ਦੀ ਮਾਤਾ ਅੰਮ੍ਰਿਤ ਕੌਰ ਗਰਭਵਤੀ ਸੀ, ਅੰਮ੍ਰਿਤਸਰ ਵਿਚ ਗੁਰੂ ਰਾਮਦਾਸ ਸਹਾਏ ਵਿਚ ਨਿਵਾਸ ਕਰਦੇ ਸਮੇਂ ਇਕ ਹੋਰ ਬੇਟੀ ਨੇ ਜਨਮ ਲਿਆ। ਉਸ ਤੋਂ ਬਾਅਦ ਆਪ ਜੀ ਦਾ ਪਰਿਵਾਰ ਗੁਰੂ ਰਾਮ ਦਾਸ ਸਰਾਂ ਛੱਡ ਕੇ ਸ਼ਰੀਫਪੁਰੇ ਕੈਂਪ ਵਿਚ ਆ ਗਏ। ਸ਼ਰੀਫਪੁਰੇ ਕੈਂਪ ਵਿਚ ਵੱਡੀ ਬੇਟੀ ਗਿਆਨ ਕੌਰ ਰਾਤ ਸੁਤੀ ਹੋਈ ਹੀ ਸਵਰਗਵਾਸ ਹੋ ਗਈ ਤੇ ਸ਼ਰੀਫਪੁਰੇ ਵਿਚ ਕੁਛ ਦਿਨ ਰਹਿਣ ਤੋਂ ਬਾਅਦ ਆਪ ਜੀ ਦਾ ਪਰਿਵਾਰ ਫਿਰ ਲੁਧਿਆਣੇ ਵਿਖੇ ਜਮਾਲਪੁਰ ਕੈਂਪ ਵਿਚ ਆ ਗਏ। ਜਮਾਲਪੁਰ ਕੈਂਪ ਤੋਂ ਬਾਅਦ ਆਪ ਜੀ ਦੇ ਪਿਤਾ ਜੀ ਨੂੰ ਪਿੰਡ ਸਲੇਮ ਪੁਰ ਸ਼ੇਖਾਂ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਚ ਕੱਚੀ ਜ਼ਮੀਨ ਅਲਾਟ ਹੋਈ। ਆਪ ਜੀ ਦਾ ਪਰਿਵਾਰ ਪਿੰਡ ਸਲੇਮਪੁਰ ਸੇਖਾਂ ਵਿਚ ਆਗ ਏ, ਅਕਤੂਬਰ 1947) ਭਾਈ ਕਰਮ ਸਿੰਘ ਜੀ ਦੇ ਪਿਤਾ ਸ਼ੁਰੂ ਤੋਂ ਹੀ ਧਾਰਮਿਕ ਖਿਆਲਾਂ ਦੇ ਸਨ, ਇਸ ਲਈ ਗੁਰਮਤਿ ਦੀ ਸਿੱਖਿਆ ਤਾਂ ਆਪ ਜੀ ਨੂੰ ਗੁੜ੍ਹਤੀ ਵਿਚ ਹੀ ਮਿਲ ਗਈ ਸੀ। ਇਹਨਾਂ ਦੇ ਪਿਤਾ ਗਿਆਨੀ ਰਣਜੀਤ ਸਿੰਘ ਜੀ ਪੁਰਾਤਨ ਰਾਗੀਆਂ ਵਿਚੋਂ ਸਨ। ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਨਨਕਾਣਾ ਸਾਹਿਬ ਵਾਲਿਆਂ ਦੇ ਸ਼ਾਗਿਰਦਾਂ ਵਿਚੋਂ ਸਨ। ਸੰਨ 1949 ਵਿਚ ਭਾਈ ਕਰਮ ਸਿੰਘ ਜੀ ਨੂੰ ਸਕੂਲ ਵਿਚ ਫਿਰ ਤੀਸਰੀ ਕਲਾਸ ਵਿਚ ਪੜ੍ਹਨੇ ਪਾ ਦਿੱਤਾ, ਇਹਨਾਂ ਦੇ ਪਿੰਡ ਦੇ ਨਾਲ ਹੀ ਪਿੰਡ ਨਗਾਵਾਂ ਸੀ, ਉਸ ਪਿੰਡ ਸਕੂਲ ਸੀ, ਉਥੇ ਆਪ ਜੀ ਨੇ ਪੜ੍ਹਾਈ ਸ਼ੁਰੂ ਕਰ ਦਿੱਤੀ। ਪਿੰਡ ਸਲੇਮਪੁਰ ਵਿਚ ਆਉਣ ਤੇ ਬਾਅਦ ਜੋ ਬੇਟੀ ਅੰਮ੍ਰਿਤਸਰ ਪੈਦਾ ਹੋਈ ਸੀ, ਉਹ ਵੀ ਸਵਰਗਵਾਸ ਹੋ ਗਈ। (ਚਲਦਾ)

**42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸ਼ਨ,**
**ਨਵੀਂ ਦਿੱਲੀ 110041, ਮੋਬਾ : 09968231247**


## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,**
**ਨਵੀਂ ਦਿੱਲੀ 110 060 ਫੋਨ : 25862955**

# ਰਾਗ ਬਿਲਾਵਲ : ਡਾ. ਜਬਰਜੰਗ ਸਿੰਘ

ਥਾਟ : ਕਾਫੀ, ਵਾਦੀ : ਸ਼ੜਜ (ਸ),
ਵਰਜਿਤ ਸੁਰ : ਅਵਰੋਹ ਵਿਚ ਧੈਵਤ (ਧ) ਸੁਰ ਵਰਜਿਤ ਹੈ,
ਆਰੋਹ : ਸ, ਮ, ਰੇ ਪ, ਗੁs, ਗੁs, ਮ ਰੇ ਸ, ਮ ਰੇ ਪ, ਮ ਪ ਨੁੀ ਧ ਨੀ ਸਂ,
ਪਕੜ : ਮ, ਸਰੇ ਪ , ਮ, ਪ ਗੁ ਗੁ ਮ ਰੇ, ਸ, ਨ਼ੀ , ਧੁ, ਨ਼ੀ, ਨ਼ੀ ਸ, ਜਾਤੀ: ਸੰਪੂਰਨ ਯਾੜਵ

ਸੰਵਾਦੀ ਸੁਰ : ਪੰਜਮ (ਪ)
ਗਾਇਨ ਸਮਾਂ : ਅੱਧੀ ਰਾਤ
ਅਵਰੋਹ : ਸਂ ਨੁੀ, ਪ, ਮ, ਪ, ਗੁs, ਮ ਰੇ ਸ,
ਸੁਰ : ਗੰਧਾਰ ਕੋਮਲ (ਗੁ) ਅਤੇ ਦੋਵੇਂ ਨਿਸ਼ਾਦ (ਨੁੀ, ਨੀ)

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| ਮ | ਰੇ | ਪ | – | ਮ | ਪ | ਗੁ | – | ਮ | ਰੇ | – | ਸ |
| ਮਿ | ਲ | ਤ | s | s | ਪਿ | ਆ | s | s | ਰੇ | s | s |
| ਨ਼ੀ | – | ਧ਼ | – | – | ਧ਼ | ਨ਼ੀ | – | ਸ | – | – | – |
| ਪ੍ਰਾ | s | s | s | s | ਨ | ਨਾ | s | ਥ | s | s | s |
| ਮ | ਮ | ਰੇ | – | – | ਰੇ | ਪ | ਮ | ਪ | – | – | – |
| ਕ | ਵ | ਨ | s | s | ਭ | ਗ | ਤਿ | ਤੇ | s | s | s |
| ਮ | ਪ | ਨੁੀ | ਧ | ਨੁੀ | ਧ | ਨੀ | ਨੀ | ਸਂ | – | ਸਂ | – |
| ਸਾ | s | ਧ | s | s | ਸੰ | ਗ | ਤਿ | ਪਾ | s | ਈ | s |
| ਨੁੀ | ਪ | ਮ | ਪ | ਮ | ਪ | ਗੁ | ਮ | ਰੇ | ਸ | ਨ਼ੀ | ਸ |
| ਪ | ਰ | ਮ | s | s | ਗ | ਤੇ | s | s | s | s | s |
| **ਅੰਤਰਾ** | | | | | | | | | | | |
| ਮ | ਪ | ਨੁੀ | ਧ | ਨੁੀ | ਧ | ਨੀ | ਨੀ | ਸਂ | – | – | – |
| ਮੈ | s | ਲੇ | s | s | s | ਕ | ਪ | ਰੇ | s | s | s |
| ਸਂ | – | – | – | ਸਂ | – | ਰੇਂ | ਨੀ | ਸਂ | – | – | – |
| ਕਹਾ | s | s | s | ਲਉ | s | ਧੋ | s | ਵਉ | s | s | s |
| ਗੁਂ | – | ਗੁਂ | – | ਗੁਂ | ਮਂ | ਰੇਂ | – | ਸਂ | – | – | ਸਂ |
| ਆ | s | ਵੇ | s | s | ਗੀ | ਨੀ | s | ਦ | s | s | ਕ |
| ਨੁੀ | ਧ | ਨੁੀ | – | ਪ | ਪ | ਗੁ | ਮ | ਰੇ | ਸ | ਨ਼ੀ | ਸ |
| ਹਾ | s | s | s | ਲ | ਗੁ | ਸੇ | s | ਵਉ | s | s | s |
| × | | 0 | | 2 | | 0 | | 3 | | 4 | |

**ਮੁਲਤਾਨੀ ਮੱਲ ਮੋਦੀ ਕਾਲਿਜ, ਪਟਿਆਲਾ**

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੧੨੯੩

### ਮਲਾਰ

Malaar:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥

What sort of devotional worship will lead me to meet my Beloved, the Lord of my breath of life?

ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥

In the Saadh Sangat, the Company of the Holy, I have obtained the supreme status. ||Pause||

ਮੈਲੇ ਕਪਰੇ ਕਹਾ ਲਉ ਧੋਵਉ ॥

How long shall I wash these dirty clothes?

ਆਵੈਗੀ ਨੀਦ ਕਹਾ ਲਗੁ ਸੋਵਉ ॥੧॥

How long shall I remain asleep? ||1||

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥

Whatever I was attached to, has perished.

ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥

The shop of false merchandise has closed down. ||2||

ਕਹੁ ਰਵਿਦਾਸ ਭਇਓ ਜਬ ਲੇਖੋ ॥

Says Ravi Daas, when the account is called for and given,

ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥

whatever the mortal has done, he shall see. ||3||1||3||

# GURU NANAK VBT POLYTECHNIC

**C-4, PHASE-1, INDUSTRIAL AREA, PHASE-1, MOHALI**

**Website: www.gurunanakvbtpolytechnic.com**

## ADMISSION OPEN

Guru Nanak VBT Polytechnic has been operating under the aegis of Guru Nanak Vidya Bhandar Trust of New-Delhi since 1995. It is a No-profit institute. It aims at only Professional Excellence and creating ready employability. It is an accredited vocational institute of National Institute of Open Schooling (NIOS),HR Ministry of Govt of India, New-Delhi and many trusts sponsor their candidates for training. The Polytechnic has excellent record of producing mechanics with very high standard of professional excellence, who are in great demand. There is standing demand for its graduates n the corporate sector.

Presently the Polytechnic conducting following courses:

| | | |
|---|---|---|
| a) AC & Ref. | b) 4 Wheelers Engine Mechanics | One year |
| c) Tailoring & Dress Design | d) Machinist | One/2yrs |
| e) Electrical Technicians | f) CCA & DTP Computer courses | One year |
| f) Beauty Culture | h) Retail Sales & Services | 6 months |

The Polytechnic has a team of dedicated staff and with upto date workshops and supports a big campus.

Contact for admissions and information: 0172-2229042, 8968475320, 9023147171. Email- gnvbtpoly@yahoo.co.in

Admission is open throughout the year for Two sessions start on 01 July and Oct batch every year.

Postal Regd. No. CH/0045/2015-2017 RNI Regd. No. 46788/89 ISSN 0972-2335

